

# 300 ਸ਼ੇਅਰ



ਪ੍ਰੀਤਮ ਸਿੰਘ ਧੰਜਲ (ਕੈਨੇਡਾ)

# 300 ASHAAR

in Gurmukhi Script
&
Cover Design
by:
Pritam Singh Dhanjal (Canada)

www.dhanjal..com
pritam@dhanjal.com

ਓਸ ਸਫ਼ਰ ਦੀ ਪੀੜ ਅਣੋਖੀ, ਜੋ ਕੀਤਾ ਨਾ ਜਾ ਸਕਿਆ,
ਥੱਕ ਟੁੱਟ ਕੇ ਵੀ ਤੁਰਦੇ ਰਹਿਣਾ ਪਰ ਨਾ ਬਦਲਨਾ ਥਾਂਵਾਂ ਦਾ।

ਉਸ ਨੇ ਬੁਰਾਈ ਦੇਖ ਕੇ, ਮਜ਼ਹਬ ਵੀ ਭੰਡਿਆ,
ਕੀ ਗੱਲ ਕਰ ਰਹੇ ਓ! 'ਪ੍ਰੀਤਮ' ਨਿਸ਼ੰਗ ਦੀ।

ਓ ਰਹਿਬਰ! ਕੁਰਸੀ 'ਤੇ ਬਹਿ ਕੇ, ਜ਼ਿੱਲਤ ਦੇ ਨ੍ਹੇਰੇ ਨਹੀਂ ਮਿਟਦੇ,
ਸੂਰਜ ਬਣ ਤਪਣਾ ਪੈਂਦਾ ਹੈ, ਧੁੰਧਲੇ ਆਕਾਸ਼ ਨਿਖਾਰਨ ਲਈ।

ਉਸ ਦੇ ਹੰਝੂਆਂ ਦੀ ਦੌਲਤ ਦਾ, ਇਵਜ਼ ਨਾ ਕੋਈ ਮਿਲਦਾ,
ਜਿਸ ਦਾ ਸਬਰ ਸਲਾਮਤ ਹੋਵੇ, ਐਪਰ ਇਸ਼ਕ ਨਾਕਾਮ।

ਉਸ ਪੱਥਰ ਵੱਲ ਦੇਖ, ਪ੍ਰੀਤਮ! ਉਸ ਦੇ ਵਿਚ ਰੱਬ ਲੁਕਿਆ,
ਬੁੱਤ-ਘਾੜੇ ਨੇ ਕਰ ਇਸ਼ਾਰਾ, ਮੈਨੂੰ ਆਖ ਸੁਣਾਇਆ।

ਉਹਨਾਂ ਨੂੰ ਵੀ ਸੁਣੋ, ਅਸਹਿਮਤ ਹੋਵਣ ਜਿਹੜੇ,
ਅੱਖੋਂ ਉਹਲੇ ਕਰੋ ਨਾ, ਜੱਗ ਦੀ ਸੱਚਾਈ ਨੂੰ।

ਉਂਜ ਕਹਿਣ ਨੂੰ ਤਾਂ ਹੁਣ ਤਕ ਸਿਆਣੇ ਹੋ ਗਏ,
ਕਰਦਾ ਹੈ ਦਿਲ ਅਜੇ ਵੀ ਸ਼ਰਾਰਤ ਕਦੀ ਕਦੀ।

ਓ ਟਟਹਿਣੇ! 'ਪ੍ਰੀਤ' ਦੇ ਘਰ ਦੀ, ਤੂੰ ਸ਼ੋਭਾ ਕਿੰਜ ਬਣਦਾ?
ਉਸ ਜੀਵਨ ਦਾ ਕਾਹਦਾ ਹੋਣਾ! ਅੱਗ ਨਾ ਜਿਸ ਦੀ ਲੋਏ।

ਉਸ ਜਨੂਨੀ ਨੇ ਜਦੋਂ ਦੱਸਿਆ ਕਿ ਪੁੰਨ ਕੀ ਹੋਵੰਦਾ!
ਮੇਰੀ ਜਾਚੇ ਓਸ ਵੇਲੇ, ਉਸ ਤੋਂ ਵੀ ਹੋਇਆ ਗੁਨਾਹ।

ਅਸੀਂ ਕੱਲ੍ਹ ਦਾ ਗੌਰਵ ਕੀ ਕਰਨਾ! ਹੂਰਾਂ ਦੇ ਲਾਰੇ ਕੀ ਕਰਨੇ,
ਸਾਡੀ ਅੱਜ ਦੀ ਮੰਗ ਹੈ ਜੀਵਨ ਦੇ ਹਰ ਪਲ ਨੂੰ ਹੱਸ ਗੁਜ਼ਾਰਨ ਲਈ।

ਆਦਮ ਤੋਂ ਅੱਜ ਤਾਈਂ, ਜਜ਼ਬਾਤ ਦੱਬਣੇ ਨੂੰ,
ਦੁਹਰਾਈ ਜਾ ਰਹੀ ਹੈ ਇਲਜ਼ਾਮ ਦੀ ਕਹਾਣੀ।

ਆਦਮ-ਜ਼ਾਤ ਹੀ ਆਪਣੇ ਤਨ ਨੂੰ ਢਕਦੀ ਹੈ,
'ਕਾਇਨਾਤ' ਬਾਕੀ ਦੀ, ਸਾਰੀ ਨਗਨ ਮਿਲੇ।

ਆਪਣੇ ਵਿਚ ਜੋ ਵੀ ਖ਼ਾਮੀ ਦਿਸ ਗਈ,
ਪ੍ਰੀਤਮ ਨੂੰ ਬਿਹਤਰ ਬਣਾ ਕੇ ਛੱਡ ਗਈ।

ਅੱਗੇ ਵਧਣ ਦਾ ਮੌਕਾ, ਸਭ ਨੂੰ ਮਿਲ ਜਾਵੇ ਜੇ,
ਪਿੱਛੇ ਨਾ ਫਿਰ ਖਿੱਚੇਗਾ, ਭਾਈ ਭਾਈ ਨੂੰ।

ਐ ਦੋਸਤ! ਜ਼ੁਲਮ ਸਹਿਣ ਦੀ ਆਦਤ ਨਾ ਪਾ ਲਵੀਂ,
‘ਵਾਰਸ’ ਵੀ ਕਹਿ ਗਿਆ ਏ, ਆਦਤ ਨਾ ਮਿਟ ਸਕੇ।

ਅੱਤਵਾਦੀ ਹੋ ਕੇ ਵੀ ਲੀਡਰ, ਅਮਨ ਦੇ ਨਾਅਰੇ ਲਾਉਂਦੇ ਨੇ,
ਚੋਰ ਉਚੱਕੇ ਬਣੇ ਚੌਧਰੀ, ਗੁੰਡੀ ਰੰਨ ਪ੍ਰਧਾਨ ਹੋ ਗਈ।

ਆਪਣੀ ਹੋਂਦ, ਮਿਟਦੀ ਜਾ ਰਹੀ ਦਾ ਵਾਸਤਾ ਪਾ ਕੇ,
ਇਕੱਠਿਆਂ ਤੁਰਦਿਆਂ ਅੱਗੇ, ਦੋਰਾਹਿਆਂ ਬਾਤ ਪਾਈ ਹੈ।

ਅਮਲ ਨਾ ਚੰਗੇ ਤਾਂ ਪ੍ਰੀਤਮ ਹਸ਼ਰ ਨੂੰ,
ਨਾਸਤਕ ਤੇ ਗੁਰੂ-ਸਵਾਰੇ ਇਕ ਜਿਹੇ।

ਅਜੇ ਤਕ ਹਾਦਸੇ ਤੋਂ ਜ਼ਿੰਦਗੀ ਮਹਿਫ਼ੂਜ਼ ਹੈ, ਯਾਰੋ!
ਅਜੇ ਸੰਨਾਟੇ ਦੀ ਥਾਂ, ਜੰਗ ਦੇ ਵਿਚ ਗੋਲਾ-ਬਾਰੀ ਹੈ।

ਆਪਣੇ ਜੀਆ-ਜੰਤ ਲਈ, ਸੂਰਜ ਅਧੂਰਾ ਦੇਖ ਕੇ,
ਧਰਤੀ, ਆਪਣੇ ਗਿਰਦ ਚੱਕਰ ਰਾਤ-ਦਿਨ ਲਾਉਂਦੀ ਰਹੀ।

ਆਦਮ-ਜ਼ਾਤ ਪਸੂਆਂ ਵਾਂਗ ਹੀ ਜੰਮਦੀ ਤੇ ਮਰਦੀ ਹੈ,
ਜੇਕਰ ਵਰਤਾਓ ਨਹੀਂ ਚੰਗਾ ਤਾਂ ਹੈਰਾਨਗੀ ਕਾਹਦੀ!

ਅਪਨੀ ਮੰਜ਼ਿਲ ਕੋ ਰਵਾਂ ਹੂੰ ਮੈਂ ਅਪਨੀ ਮੰਜ਼ਿਲ ਕੋ ਰਵਾਂ ਹੈ ਤੂ,
ਹਰ ਵਕਤ ਬਦਲਤੀ ਰਾਹੋਂ ਮੇਂ ਕੁਛ ਰੋਜ਼ ਕੇ ਅਪਨੇ ਸੰਗਮ ਹੈਂ।

ਅੱਗਾਂ ਤੇ ਪਾਣੀਆਂ  ਦੇ ਹੁੰਦੇ ਸੁਮੇਲ ਵਿਚੋਂ,
ਉੱਠਦੇ ਧੂੰਏਂ ਨੂੰ ਦਿੱਤਾ ਅਨਵਾਨ ਜ਼ਿੰਦਗੀ ਦਾ।

ਅਮਨ-ਚੈਨ ਚਾਹਾ ਤੋ ਐਸਾ ਮਿਲਾ,
ਕਿ ਪੱਲੇ ਪੜੀ ਹੈਂ ਯੇ ਤਨਹਾਈਆਂ।

'ਅਮਰ' ਹੋਣ ਦੀ ਇੱਛਾ ਕਿਉਂ ਹੁੰਦੀ ਕਿਸੇ ਨੂੰ!
ਦੁਨੀਆਂ ਵਾਲਾ ਇਹ ਜੀਵਨ, ਜੇਕਰ ਤੜਪਾਂਦਾ।

ਆਜ਼ਾਦੀ ਗੋਰੇ ਤਨ ਸੇ ਲੇਨੀ, ਕਾਲੇ ਮਨ ਸੇ ਨਾ ਲੇਨੀ,
ਦੂਰ-ਅੰਦੇਸ਼ੀ ਸੇ ਕੋਰੀ, ਯਿਹ ਹਸਰਤ ਦੇਖਨਾ ਯਾਰੋ!

ਅੱਜ ਦੀ ਦੌੜ ਵਿਚ ਬੰਦਾ 'ਸ਼ਿਕਾਰ' ਹੈ ਕਿ 'ਸ਼ਿਕਾਰੀ',
ਅਜਬ ਹਾਲਾਤ ਹੈ ਪ੍ਰੀਤਮ ਕਿਸੇ ਤੋਂ ਕੀ ਬਚਾ ਹੋਣਾ।

ਅਨਹਦ-ਨਾਦ ਅਧੂਰਾ ਸੀ, ਇਨਸਾਨਾਂ ਦੇ ਜਜ਼ਬਾਤ ਬਿਨਾ,
ਏਸੇ ਲਈ ਤਾਂ ਜਨਮ ਹੋਇਆ ਹੈ, ਗੀਤਾਂ ਤੇ ਕਵਿਤਾਵਾਂ ਦਾ।

ਆਤਮਾ ਦਾ ਨਾਂ ਕੀ ਹੋ ਸਕਦੈ! ਕੌਣ ਇਹਦੀ ਪਹਿਚਾਣ ਕਰੇ!
ਇਹਦੇ ਚੋਲੇ ਤਕ ਹੀ, ਸੀਮਾ ਹੈ, ਹੋਣਾ ਕੁਝ ਨਾਂਵਾਂ ਦਾ।

ਆਉਣਾ, ਜਾਣਾ, ਹੱਸਣਾ, ਰੋਣਾ, ਹਰ ਹਰਕਤ ਵਿਚ ਭਾਵ ਮਿਲੇ.
ਮਨ ਦੇ ਚੈਨ ਲਈ ਥਾਂ ਹੂੰਦੈ, ਬਿਨ ਸੋਚਾਂ ਬਿਨ ਭਾਵਾਂ ਦਾ।

ਆਪਣੀ ਹੈ ਪਹਿਚਾਣ ਖਿੜਨ, ਮੁਰਝਾਵਣ ਦੀ,
ਖ਼ੁਸ਼ੀ, ਗ਼ਮੀ ਨੂੰ ਵੱਖਰਾ ਵੱਖਰਾ ਬਦਨ ਮਿਲੇ।

ਆਪਣਾ ਆਪਣਾ ਸੱਚ ਵੇਚਣ ਨੂੰ, ਸਭ ਬਾਜ਼ਾਰ 'ਚ ਆਉਂਦੇ ਨੇ,
ਕੋਈ ਇਹਨੂੰ ਮਜਬੂਰੀ ਆਖੇ, ਕਿਸੇ ਨੇ ਕਾਰੋਬਾਰ ਕਿਹਾ।

ਆਜ਼ਾਦੀ ਗੋਰੇ ਤਨ ਸੇ ਲੇਨੀ, ਕਾਲੇ ਮਨ ਸੇ ਨਾ ਲੇਨੀ,
ਦੂਰ-ਅੰਦੇਸ਼ੀ ਸੇ ਕੋਰੀ, ਯਿਹ ਹਸਰਤ ਦੇਖਨਾ ਯਾਰੋ!

ਅਜੇ ਤਕ ਰੂਹਾਂ ਨੇ ਵੀ ਏਸ ਗੱਲ ਦਾ ਭੇਦ ਨਹੀਂ ਪਾਇਆ,
ਕਿ ਇਹਨਾਂ ਕਿੱਧਰੋਂ ਆਉਣਾ ਹੈ ਤੇ ਏਥੋਂ ਕਿਧਰ ਜਾਣਾ।

ਏਸ ਕੁਦਰਤ ਵਿਚ ਹਮੇਸ਼ਾ ਤਾਜ਼ਗੀ ਰੱਖਣ ਲਈ,
ਇਹ ਜ਼ਰੂਰੀ ਹੈ ਕਿ ਏਥੇ ਜੋ ਵੀ ਜਨਮੇ ਉਹ ਮਰੇ।

ਇਹ ਪਤਾ ਸੀ ਕਿ ਘੜਾ ਕੱਚਾ ਹੈ, ਇਸ ਨੇ ਡੋਬਣਾ,
ਫਿਰ ਵੀ ਮੈਂ 'ਸੋਹਣੀ' ਦੇ ਵਾਂਗੂੰ ਹਰ ਝਨਾਂ ਤਰਦਾ ਰਿਹਾ।

ਏਸ ਦੁਨੀਆਂ ਵਿਚ ਪ੍ਰੀਤਮ! ਇਹ ਤਅੱਜਬ ਤਾਂ ਨਹੀਂ,
ਕਿ ਕੋਈ ਕਰਦਾ ਰਿਹਾ ਹੈ ਤੇ ਕੋਈ ਭਰਦਾ ਰਿਹਾ।

ਇਹ ਸਮਾਂ ਹੈ, ਐ ਪ੍ਰੀਤਮ! ਇੰਜ ਵਰਗਾ ਨਾ ਹੁੰਦਾ,
ਨਾ ਹੀ ਕਿਸੇ ਧਰਤੀ ‘ਤੇ ਨਾ ਕਿਸੇ ਖਲਾਅ ਅੰਦਰ।

ਇਸ ਦੁਨੀਆਂ ਨੂੰ ਕੋਈ ਕਦੇ ਨਾ ਛੱਡਣਾ ਚਾਹਵੇ,
ਇਸ ਤੋਂ ਬਿਹਤਰ ਹੋਰ ਕਿਤੇ ਕੁਝ ਨਾ ਦਰਸਾਂਦਾ।

‘ਇਹ’ ਬੇਬਸੀ ਹੈ ਪ੍ਰੀਤਮ!, ‘ਉਹ’ ਬੇਵਫ਼ਾਈ ਹੈ।
ਇਸ ਨੇ ਨਜ਼ਰ ਮਿਲਾਈ, ਉਸ ਨੇ ਝੁਕਾ ਲਈ।

ਇਹ, ਚਿਮਨੀ ਦੇ ਬੱਦਲ ਨੇ, ਇਨ੍ਹਾਂ ਨਹੀਂ ਬਾਰਿਸ਼ ਕਰਨੀ,
ਇਹਨਾਂ ਦਾ ਤਾਂ ਆਪਣਾ ਅੰਦਰ ਕਿਸੇ ਅਗਨ ਵਿਚ ਹੈ ਸੜਿਆ।

ਇਸ਼ਕ, ਜੋ ਹੱਡਾਂ ‘ਚੋਂ ਨਿੱਕਲ ਕੇ, ਰੂਹਾਂ ਦੀ ਗੱਲ ਬਣ ਜਾਵੇ,
ਉਸ ਬੇ-ਤਨ, ਬੇ-ਗ਼ਰਜ਼ ਇਸ਼ਕ ਨੂੰ, ਖ਼ੌਫ਼ ਨਾ ਕੋਈ ਸਜ਼ਾਵਾਂ ਦਾ।

ਇਨਸਾਂ ਕੀ ਕਤਲ-ਗਾਹ ਪੇ ਤਅੱਜੁਬ ਕਰੇਂ ਤੋ ਕਿਉਂ ਹਮ!
ਹੈਵਾਨੀਅਤ ਸੇ ਨਿਕਲੀ, ਇਸ ਜ਼ਾਤ ਕੀ ਕਹਾਨੀ।

ਇਕ ਉਮਰ ਬੀਤ ਜਾਵੇ, ਪਰਤਾਂ ਉਤਾਰਦੇ,
ਕਿ ਸਵਾਲ ਦਾ ਜਵਾਬ ਵੀ ਏਥੇ ਸਵਾਲ ਹੈ।

ਇਕ ਰਸਮ ਇਕ ਗੁਨਾਹ ਨੂੰ ਪਾਕ ਕਰ ਗਈ,
ਬੇ-ਪਰਦ ਹੋ ਗਈ ਹੈ ਹਯਾ, ਸੰਗਦੀ ਸੰਗਦੀ।

ਇਸਮਤ ਦੀ ਰਾਖੀ ਕੀ ਕਰਨੀ! ਸੰਧੂਰ ਤੇ ਖ਼ੁਦ ਹੀ ਵਿਕਦਾ ਹੈ,
ਇਕ ਖ਼ੂਨ ਦੀ ਰੰਗਤ ਚਾਹੀਦੀ, ਉੱਜੜਦੀ ਮਾਂਗ ਸਵਾਰਨ ਲਈ।

ਇਹ ਜ਼ਮਾਨਾ ਮੇਰਾ ਹਿੱਸਾ ਤੇ ਮੈਂ ਜ਼ਮਾਨੇ ਦਾ,
ਇਹੀ ਅਨਵਾਨ ਜਚੇਗਾ ਮੇਰੇ ਅਫ਼ਸਾਨੇ ਦਾ।

ਇਹ ਜੋ ਫੁਰਿਆ ਹੈ ਫੁਰਨਾ ਘਰ ਬਨਾਵਣ ਦਾ,
ਇਹੀ ਤਾਂ ਪਹਿਲਾ ਤਿਨਕਾ ਹੈ ਆਸ਼ਿਆਨੇ ਦਾ।

ਇਸ਼ਕ ਦੀ ਗਰਮੀ ਦੇ ਅੱਗੇ, ਸ਼ਮ੍ਹਾਂ ਦੀ ਅੱਗ ਕੀ ਕਰੇ!
ਜੋ ਪਤੰਗਾ, ਜੋ ਹੈ ਪ੍ਰੀਤਮ, ਉਹ ਨਾ ਜਾਵੇ ਵਰਜਿਆ।

ਇਕ ਧਰਤੀ, ਇਕ ਮੌਸਮ, ਇਕ ਜੜ੍ਹ, ਇਕ ਸ਼ਾਖ਼ ਹੈ,
ਦੇਖ! ਪਰ ਕਿੰਨਾ ਫ਼ਰਕ ਹੈ, ਫੁੱਲ ਵਿਚ ਤੇ ਖਾਰ ਵਿਚ।

ਇਕ ਮੱਛੀ ਤੋਂ ਜਦੋਂ ਪੁੱਛੀ ਕਹਾਣੀ ਸੱਚ ਦੀ,
ਕਹਿਣ ਲੱਗੀ ਜ਼ਿੰਦਗੀ ਨੂੰ ਜ਼ਿੰਦਗੀ ਹੀ ਖਾ ਗਈ।

ਇਸ ਖ਼ੁਸ਼ੀ ਦੀ ਕੀ ਕਦਰ ਹੈ, ਕਿਸ ਤਰ੍ਹਾਂ ਜਾਣੇ ਕੋਈ!
ਜਦ ਤਾਈਂ ਜੀਵਨ ‘ਚ ਕੋਈ, ਹਾਦਸਾ ਹੁੰਦਾ ਨਹੀਂ।

‘ਇੰਦਰ’ ਦੀ ਗੜ੍ਹਕ ਅੱਗੇ, ਕੁਰਬਾਨੀਆਂ ਵੀ ਰੱਖੀਆਂ,
ਕਿੰਨਾ ਹੈ ‘ਖ਼ੁਸ਼ਕ’ ਯਾਰੋ! ਹੁਣ ਤਾਈਂ ਵਰ੍ਹ ਰਿਹਾ ਹੈ!

ਇਸ ਦੇ ਵਿਚ ਸਮਾ ਸਕਦੀ ਹੈ ਦੁਨੀਆਂ ਸਾਰੀ,
ਕਿੰਜ ਕੋਈ ਨਾਪ ਸਕੇਗਾ ਦਿਲ ਦੀ ਗਹਿਰਾਈ ਨੂੰ!

ਇਹ ਵੀ ਜਿਵੇਂ ਦਵਾ ਹੈ ਉਸ ਦੀ ਮਰਜ਼ ਵਾਸਤੇ,
ਅਹੰ-ਰੋਗ ਦਾ ਰੋਗੀ ਭਾਲੇ ਵਡਿਆਈ ਨੂੰ।

ਏਸ ਫ਼ਾਨੀ ਜ਼ਿੰਦਗੀ ਦੀ, ਜੜ੍ਹ ਹਮੇਸ਼ਾ ਰਹਿ ਸਕੇ,
ਰੁੱਖ ਤੁਰਦੇ ਨੇ ਘਰਾਂ ‘ਚੋਂ, ਟਾਹਣੀਆਂ ਨੂੰ ਛੱਡ ਕੇ।

ਇਹ ਨਾ-ਮੁਮਕਿਨ ਤਾਂ ਨਹੀਂ ਪਰ ਬਹੁਤ ਔਖਾ ਹੈ ਹਜ਼ੂਰ,
ਦੁਨੀਆਂ ਵਿਚ ਜੀਣਾ ਕਿਸੇ ਦਾ, ਹਸਰਤਾਂ ਨੂੰ ਛੱਡ ਕੇ।

ਇਕ ਪਾਸੇ ਨੂੰ ਪੂਰਬ ਆਖਾਂ, ਇਕ ਨੂੰ ਪੱਛਮ ਆਖਾਂ,
ਪਰ ਇਹ ਸੂਰਜ, ਹਰ ਥਾਂ ਚੜ੍ਹਦਾ ਹਰ ਥਾਂ ਉੱਤੇ ਲਹਿੰਦਾ।

ਇਹ ਵੀ ਇਕ ਤੂਫ਼ਾਨ ਦੀ ਤਾਰੀਫ਼ ਹੈ,
ਇਸ ਦੇ ਅੱਗੇ ਮਹਿਲ ਢਾਰੇ ਇਕ ਜਿਹੇ।

ਇਨਸਾਂ ਕੀ ਕਤਲ-ਗਾਹ ਪੇ ਤਅੱਜੁਬ ਕਰੇਂ ਤੋ ਕਿਉਂ ਹਮ!
ਹੈਵਾਨੀਅਤ ਸੇ ਨਿਕਲੀ, ਇਸ ਜ਼ਾਤ ਕੀ ਕਹਾਨੀ।

ਇਨ੍ਹੇਂ ਪਰਬਤ ਫ਼ਤਹ ਕੀਤੇ, ਇਨ੍ਹੇਂ ਸਾਗਰ ਫ਼ਤਹ ਕੀਤੇ,
ਜਿਨ੍ਹਾਂ ਦੇ ਸਾਹਮਣੇ ਭਾਵੇਂ, ਇਹ ਬੰਦਾ ਹਾਰੀ ਸਾਰੀ ਹੈ।

ਇਕ ਸਵੰਬਰ 'ਚੋਂ ਜਿੱਤ ਕੇ ਆਏ ਨੂੰ,
ਫਿਰ ਆਜ਼ਮਾਉਣ ਦੀ, ਗੱਲ ਕਰਦੇ ਨੇ।

ਇਹ ਗ਼ਰੀਬੀ ਹੈ, ਇਹਦੇ ਪੈਰਾਂ 'ਚ ਸਿਰਫ਼ ਰਾਹ ਨੇ,
ਨਾ ਕਰੋ ਵਿਸ਼ਰਾਮ ਦੀ, ਆਰਾਮ ਦੀ, ਮੰਜ਼ਿਲ ਦੀ ਗੱਲ।

ਇਹ ਮਿੱਟੀ ਜ਼ਰਖ਼ੇਜ਼, ਇਹਨੂੰ 'ਕਾਮੇ', 'ਰਾਖੇ' ਚਾਹੀਦੇ,
ਏਸ ਥਾਂ ਨਾ ਕਦਰ ਪਾਵੇ, ਤਾਲ ਦੀ, ਪਾਇਲ ਦੀ ਗੱਲ।

ਇਸਮਤਾਂ, ਇੱਜ਼ਤਾਂ ਦੀ ਖ਼ਾਤਿਰ, ਤਾਕਤਾਂ, ਦੌਲਤਾਂ ਦੀ ਖ਼ਾਤਿਰ,
ਜੋ ਜੰਗ ਹੋ ਕੇ ਹੀ ਹੈ ਰਹਿਣੀ, ਟਲਦੀ ਹੈ ਤਾਂ ਟਾਲ ਰੱਖਣਾ।

ਇਕ ਵਾਕਿਆ ਯਾਦ ਆ ਗਿਆ ਉਹ ਜਦੋਂ ਚਿਰ ਬਾਅਦ ਮਿਲੇ,
ਅੰਦਰ ਜੋ ਕੁਝ ਰਿੱਝ ਰਿਹਾ ਸੀ, ਉਹ ਉੱਪਰੋਂ ਨਾ ਕਹਿ ਸਕਿਆ।

ਸੱਜਣ ਨੇ ਤਾਂ ਕੀ ਹੋਇਆ! ਉਲਾਂਭਾ ਕਿਉਂ ਨਹੀਂ ਦੇਣਾ ?
ਕਿ ਆਪਣਾ ਹੱਕ ਮੰਗਣ ਦੇ ਲਈ ਸ਼ਰਮਿੰਦਗੀ ਕਾਹਦੀ !

ਸਭ ਰੂਹਾਂ ਦੀ ਆਪਣੀ ਆਪਣੀ ਤਾਸੀਰ ਹੁੰਦੀ ਹੈ,
ਕਿਸੇ ਨੇ ਜ਼ਖ਼ਮ ਕਰ ਜਾਣਾ, ਕਿਸੇ ਨੇ ਜ਼ਖ਼ਮ ਭਰ ਜਾਣਾ।

ਸਚਖੰਡ ਤੇ ਸੁਰਗ ਦਾ ਪ੍ਰੀਤਮ! ਇਹ ਫ਼ਰਕ ਹੈ,
ਪਹਿਲਾ ਜਮਾਲ ਹੈ ਤੇ ਦੂਜਾ ਕਮਾਲ ਹੈ।

ਸੀ ਉਨ੍ਹਾਂ ਨੂੰ ਲਾਲਸਾ ਦਾ, ਇਹਨਾਂ ਨੂੰ ਲੁੱਟ ਜਾਣ ਦਾ,
ਉਹ ਵੀ ਦੁੱਖ ਸਹਿੰਦੇ ਰਹੇ ਤੇ ਇਹ ਵੀ ਦੁੱਖ ਸਹਿੰਦੇ ਰਹੇ।

ਸਾਡੀ ਕਹਾਣੀ ਪਿਆਰ ਦੀ ਹੋਵੇ ਜਾਂ ਜੰਗ ਦੀ,
ਪੰਜ ਪਾਣੀਆਂ ਦੀ ਹੋ ਕੇ ਵੀ, ਲਹੂ ਦੇ ਰੰਗ ਦੀ।

ਸਾਵਣ ਆਵੇ ਜਾਂ ਨਾ ਆਵੇ, ਬਦਲੇ ਰੰਗ ਫ਼ਿਜ਼ਾਵਾਂ ਦਾ,
ਤੂੰ ਹੈਂ, ਤਾਂ ਅੰਦਾਜ਼ ਹੈ ਚੰਗਾ, ਇਹਨਾਂ ਮਸਤ ਹਵਾਵਾਂ ਦਾ।

ਸਿੰਮ ਜਾਣੈ, ਨ੍ਹੇਰਿਆਂ ਦੇ ਮਾਰੇ ਹੋਏ ਵਕਤ ਨੇ,
ਦੁੱਖਾਂ ਭਰੀਆਂ ਕਹਿਰਵੀ ਰਾਤਾਂ ਦਾ ਭਾਂਡਾ ਤਿੜਕਿਆ।

ਸ਼ੀਸ਼ਿਆਂ 'ਚੋਂ ਸੱਚ ਕੱਢਣ ਵਾਸਤੇ,
ਏਸ ਥਾਂ ਕਾਨੂੰਨ ਵੀ ਸੰਗ-ਦਾਰ ਨੇ।-82

ਸੁਣਾ ਕੇ ਫ਼ੈਸਲਾ ਤੂੰ ਨਾ, ਨਾ-ਉਮੀਦ ਕਰੀਂ,
ਹੈ ਇਸ ਤੋਂ ਬਿਹਤਰ ਕਿ ਇੰਤਜ਼ਾਰ ਦੇ ਮੈਨੂੰ।

ਸਦੀਆਂ ਹੋਈਆਂ, ਇਸ਼ਕ ਲਈ, ਦੱਬੀ 'ਕਲੀ-ਅਨਾਰ' ਦੀ,
ਹੁਸਨ ਦੀ ਖ਼ੂਬੀ, ਕਿ ਮਹਿਕੇ, ਹਾਲੇ ਤਕ ਦੀਵਾਰ ਵਿਚ।

ਸ਼ਰੀਅਤ ਦੀ ਗਲੀ ਨੂੰ ਹੋਰ ਵੀ ਭੀੜਾ ਨਾ ਕਰ ਜ਼ਾਹਿਦ!
ਇੰਜ ਦੁਨੀਆਂ ਦੇ ਮਾਲਕ ਦਾ ਟਿਕਾਣਾ ਭਾਲ ਨਹੀਂ ਹੁੰਦਾ।

ਸਰਹੱਦਾਂ 'ਤੇ, ਜਦੋਂ ਕਿਸੇ ਨੇ, ਕਿਸੇ ਦੇ ਗੋਲੀ ਮਾਰੀ,
ਘਰ ਵਿਚ ਬੈਠੀ, ਸੁੱਖਾਂ ਸੁੱਖਦੀ, ਮਾਂ ਦੇ ਸੀਨੇ ਵੱਜੀ।

ਸਮਾਂ 'ਮੰਚ' ਹੈ, ਇਹ ਕਿਧਰੇ ਵੀ ਨਾ ਜਾਵੇ,
ਜੀਵ 'ਅਦਾਕਾਰਾਂ' ਦੇ ਵਾਂਗ ਗੁਜ਼ਰਦੇ ਨੇ।

ਸੁਰ ਸੁਰੀਲੇ ਵਾਲੀਏ ਕੋਇਲੇ! ਦਰਦ ਦਾ ਕੀ ਕਰਾਂ?
ਏਥੇ ਕਾਂ ਦੇ ਬੋਲ ਜਦ ਸ਼ੁਭ ਸ਼ਗਨ ਮੰਨੇ ਜਾ ਰਹੇ।

ਸਦੀਆਂ ਦੀ ਕੰਧ ਵਿਚ ਪਤਾ ਨਹੀਂ ਕਿੰਨੀਆਂ ਇੱਟਾਂ ਪਲਾਂ ਦੀਆਂ,
ਸਮਿਆਂ ਦੇ ਇਸ ਮਹਿਲ ਨੇ ਸਾਥੋਂ ਸਾਡੀ 'ਹੋਣੀ' ਖੋਹੀ ਵੇ।

'ਸੀਤਾ' ਦੀ ਇੱਛਾ ਵੀ ਏਥੇ, 'ਰਾਵਣ' ਦੀ ਇੱਛਾ ਵੀ ਹੈ,
ਹਰ ਯੁਗ ਦੇ ਬੰਦਿਆਂ ਨੇ, ਪ੍ਰੀਤਮ! ਰਾਮ-ਕਹਾਣੀ ਛੋਹੀ ਵੇ।

ਸਿਰਫ਼ ਇਕ ਨਾਲ ਹੀ ਹੈ ਜਿਹੜਾ ਹੋ ਸਕਦਾ,
ਹੋਰ ਕੁਝ ਹੈ, ਅਸਲ 'ਚ ਪਿਆਰ ਨਹੀਂ।

ਸੁਣਿਆਂ ਹੈ ਕਿ ਵਿਚ ਖ਼ਲਾਵਾਂ ਆਦਮੀ,
ਹੋ ਜਾਂਦੇ ਹਲਕੇ ਤੇ ਭਾਰੇ ਇਕ ਜਿਹੇ।

ਸੇਬ ਖਾਣ ਨੂੰ ਆਖ ਰਹੀ ਏਂ? ਨਾ ਬਈ! ਹੁਣ ਨਹੀਂ ਖਾਣਾ,
ਇਕ ਵਾਰੀ ਤਾਂ ਛੱਡ ਆਇਆ ਹਾਂ ਤੇਰੇ ਕਹੇ ਖ਼ੁਦਾਈ।

ਹਮ ਨੇ ਪੁਰ-ਖ਼ਤਰ ਮਹੌਲ ਮੇਂ ਰਸਤੇ ਬਨਾਏ ਹੈਂ,
ਕਜ਼ਾ ਮੇਂ ਜ਼ਿੰਦਗੀ ਬੋਨੇ ਕੀ, ਜੁੱਰਤ ਦੇਖਨਾ ਯਾਰੋ!

ਹਸਰਤਾਂ, 'ਪ੍ਰੀਤਮ'! ਨੇ ਅੰਬਰ ਵਰਗੀਆਂ,
ਸਭ ਸਿਤਾਰੇ ਪਾ ਕੇ ਵੀ ਨਾ ਭਰਨੀਆਂ।

ਹੈ ਮਾਲੂਮ ਕਿ ਸਬ ਕੁਛ ਯਹੀਂ ਹਮ ਛੋੜ ਜਾਏਂਗੇ,
ਫਿਰ ਭੀ ਅਪਨਾ ਯੇ ਸਾਮਾਨ-ਏ-ਰੁਖ਼ਸਤ ਦੇਖਨਾ ਯਾਰੋ!

ਹੈ ਸੂਝ ਜਿਸ ਦੇ ਪਿੱਛੇ, ਉਹ ਸਿਦਕ, ਜ਼ਿਦ ਨਹੀਂ ਹੈ,
ਤੱਤਾਂ ਤੋਂ ਮੁਕਤ ਹੋਵੇ ਪਰ ਬੋਲ ਨੂੰ ਪੁਗਾਵੇ।

ਹਰ ਤੀਰ ਕੀ ਉਤਨੀ ਪਹੁੰਚ ਬਨੇ, ਜਿਤਨਾ ਵੋਹ ਪੀਛੇ ਜਾਤਾ ਹੈ,
ਮਨ ਜੀਤ ਕੇ ਹੀ ਜਗ ਜੀਤੋਗੇ ਇਸ ਅ-ਮਨ ਕੇ ਐਸੇ ਆਲਮ ਹੈਂ।

ਹੋਏ ਹਜ਼ਾਰ ਰਾਂਝੇ ਤੇ ਹੀਰਾਂ, ਹਕੀਕਤਨ,
ਅਫ਼ਸਾਨਾ ਬਣ ਸਕੀ ਏ ਹਕੀਕਤ ਕਦੀ ਕਦੀ।

ਹੋਰ ਨੇ ਸੂਰਜ, ਚੰਦ, ਸਿਤਾਰੇ, ਧਰਤੀਆਂ,
ਕਿਤੇ ਤਾਂ ਕੁਝ ਹੋਣੈ, ਬੰਦੇ ਦੀ ਜੂਨ ਜਿਹਾ।

ਹਾਲਾਤ ਦਾ ਤੂਫ਼ਾਨ ਜਾਂ ਸਦਮੇਂ ਦਾ ਸ਼ੋਰ ਸੀ,
ਖ਼ਾਮੋਸ਼ ਹੋ ਗਈ ਹੈ ਜ਼ੁਬਾਂ, ਕੰਬਦੀ ਕੰਬਦੀ।

ਹਰ ਬਦਨ ਵਿਚ ਰੂਹ ਹੁੰਦੀ ਹੈ, ਜੇ ਇਹਨੂੰ ਕੋਈ ਤਕ ਸਕੇ,
ਤਾਂ ਖ਼ੁਸ਼ੀਆਂ 'ਤੇ ਅਸਰ ਨਾ ਹੋਵੇ, ਦੁਨੀਆਂ ਦੀਆਂ ਬਲਾਵਾਂ ਦਾ।

ਹੰਝੂ ਨੂੰ ਦੇਖ, ਇਸ ਦੇ ਗੁੰਗੇ-ਬਿਆਨ ਦੇਖ,
ਸ਼ਬਨਮ-ਨੁਮਾ ਦੇ ਦਿਲ ਦੇ ਅੰਦਰ ਤੂਫ਼ਾਨ ਦੇਖ।

ਹਾਂ, ਰਿਹਾ ਹੈ ਪੁਰਸਲਾਤਾਂ ਨੂੰ ਵੀ ਮੇਰੇ 'ਤੇ ਗਿਲਾ,
ਸੋਚ ਦੇ ਖੰਭ ਲਾ ਕੇ, ਜਦ ਵੀ ਮੈ ਉਨ੍ਹਾਂ ਤੋਂ ਉੱਡਿਆ।

ਹਰ ਕਦਮ 'ਤੇ ਛੱਡੀਆਂ ਨੇ ਕੁਝ ਕੁ ਯਾਦਾਂ ਮਿੱਠੀਆਂ,
ਦੋਸ਼ ਨਾ ਦੇਣਾ, ਇਨ੍ਹਾਂ 'ਚੋਂ ਜੇ ਕੋਈ ਤੜਪਾ ਗਈ।

ਹੱਕ ਨਿਆਂ ਦੇ ਰਾਜ ਦੀ ਖ਼ਾਤਿਰ, ਜਦ ਵੀ ਲੋੜ ਪਈ ਹੈ,
ਨੀਤੀਵਾਨਾਂ, ਚੁਣੀ ਹੈ ਨੀਤੀ, ਨਾ ਖੱਬੀ ਨਾ ਸੱਜੀ।

ਹਸਰਤਾਂ, 'ਪ੍ਰੀਤਮ'! ਨੇ ਅੰਬਰ ਵਰਗੀਆਂ,
ਸਭ ਸਿਤਾਰੇ ਪਾ ਕੇ ਵੀ ਨਾ ਭਰਨੀਆਂ।

ਹਰ ਵਕਤ ਖ਼ਿਜ਼ਾ ਏਥੇ, ਹਰ ਵਕਤ ਬਹਾਰਾਂ ਨੇ,
ਦੁਨੀਆਂ ਦੇ ਜਿਹਾ ਪ੍ਰੀਤਮ! ਗੁਲਜ਼ਾਰ ਨਾ ਹੋਣਾ।

ਹਰ ਇਕ ਵਿਚਾਰ ਅੰਦਰ, ਅੱਗ ਦੀ ਤਾਸੀਰ ਹੈ,
ਦੁਨੀਆਂ ਸਮੇਟ ਸਕਦੈ, ਜੇਕਰ ਹਵਾ ਮਿਲੇ।

ਹਮ ਕੈਸੇ ਬਚਾ ਦੇਤੇ, ਉਸ ਡੂਬਤੇ ਪ੍ਰੇਮੀ ਕੋ!
ਹਮ ਖ਼ੁਦ ਭੀ ਨਾ ਮਿਲ ਪਾਏਂ, ਦਰਿਯਾ ਕੇ ਕਿਨਾਰੇ ਹੈਂ।

ਹਰ ਇਕ ਦਾਨ ਦੇ ਪਾਤਰ ਨੂੰ ਹੁਣ ਕਾਰਣ ਪੁੱਛੋ,
ਠੋਕ ਵਜਾ ਕੇ ਦੇਖੋ ਦਿਲ ਦੀ ਦਰਿਆਈ ਨੂੰ।

ਹੋਣੀ ਵੀ, ਸਾਨੂੰ ਅਨਹੋਣੀ ਲੱਗਦੀ ਹੈ,
ਦੁਨੀਆਂ ਦੇ ਵਿਚ ਈਕਣ ਅਕਸਰ ਹੁੰਦਾ ਹੈ।

ਕੁਰਬਾਨੀਆਂ 'ਚੋਂ ਉੱਠੇ, ਚਰਚਾ ਪੈਗ਼ੰਬਰੀ ਦਾ,
ਜੋ ਭਾਂਬੜਾਂ ਦੇ ਵਿਚੋਂ, ਅਮਨਾਂ ਦਾ ਰਾਹ ਦਿਖਾਵੇ।

'ਕਲਪ-ਰੁੱਖ' ਕਲਪਨਾ ਤੇਰੀ ਦਾ ਦੂਜਾ ਨਾਮ ਹੈ ਪ੍ਰੀਤਮ!
ਮੂੰਹ ਮੰਗੀਆਂ ਮੁਰਾਦਾਂ ਲੈਣੀਆਂ, ਤਾਂ ਇਸ ਦੀ ਛਾਂਵੇਂ ਬਹਿ।

ਕੀ ਦੱਸਾਂ! ਕਿ ਕੀ ਸਹੀ ਹਾਲਤ ਹੈ ਏਸ ਸਮਾਜ ਦੀ,
ਜਿਸ ਨੂੰ ਵੀ ਪੁੱਛਿਆ ਜਦੋਂ "ਠੀਕ ਹਾਂ" ਕਹਿੰਦਾ ਰਿਹਾ।

ਕੀ ਕਹਾਂ! ਕਿ ਦਿਨ ਵੀ ਇਕ ਤੂਫ਼ਾਨ ਹੈ,
ਇਸ ਲਈ ਸੁਪਨੇ ਸਿਤਾਰੇ ਇਕ ਜਿਹੇ।

ਕੋਠੀ ਵਿਚ ਜੇ ਹੋਣ ਨਾ ਦਾਣੇ, ਕਦੋਂ ਸਿਆਣਪ ਰਹਿੰਦੀ ਹੈ!
ਤਾਂ ਹੀ ਤਾਂ ਉਹ ਸਾਊ-ਪਰਜਾ, ਬੇਕਲ ਹੋਈ ਫਿਰਦੀ ਸੀ।

ਕੋਈ ਪਿਆਰ ਕਾ ਪੁਜਾਰੀ, ਕੋਈ ਪਿਆਰ ਕਾ ਵਪਾਰੀ,
ਯਿਹ ਭੀ ਹੈ ਅਪਨੀ ਅਪਨੀ ਔਕਾਤ ਕੀ ਕਹਾਨੀ।

ਕਿ ਜ਼ਿੰਦਗੀ ਹੀ ਆਪਣੇ ਸਾਹਾਂ ਦੀ ਭੀਖ ਮੰਗੇ,
ਏਨਾ ਵੀ ਤੇ ਨਾ ਕਰਨਾ, ਅਪਮਾਨ ਜ਼ਿੰਦਗੀ ਦਾ।

ਕਦਮ ਛੋੜਤੇ ਜਾ ਰਹੇ ਹੈਂ ਨਿਸ਼ਾਂ,
ਮਗਰ ਰੇਤ ਮੇਂ ਕੱਲ ਮਿਲੇਂਗੇ ਕਹਾਂ!

ਕਦਮ ਡੋਲਨੇ ਸੇ ਨਾ ਬਚ ਪਾਏਂਗੇ,
ਹਰ ਪਲ ਹੀ ਧਰਤੀ ਘੂੰਮੇ ਯਹਾਂ।

ਕੁਝ ਹੋਰ ਵੀ ਸਹਾਰਾ ਹੱਥਾਂ ’ਚ ਰੱਖ ਤੂੰ,
ਕਹਿੰਦੇ ਨੇ ਸਾਥ ਦਿੰਦੀ, ਕਿਸਮਤ ਕਦੀ ਕਦੀ।

ਕੱਲ੍ਹ ਕੀ ਸੱਚੀ ਬਾਤੋਂ ਪੇ, ਅਬ ਇਤਬਾਰ ਕਿਆ ਕਰਨਾ,
ਖੀਸਾ ਪੁਰ ਹੈ ਜਿਨਕਾ, ਉਨਕੀ ਨੀਅਤ ਦੇਖਨਾ ਯਾਰੋ।

ਕੁਰਬਾਨੀਆਂ ’ਚੋਂ ਉੱਠੇ, ਚਰਚਾ ਪੈਗ਼ੰਬਰੀ ਦਾ,
ਜੋ ਭਾਂਬੜਾਂ ਦੇ ਵਿਚੋਂ, ਅਮਨਾਂ ਦਾ ਰਾਹ ਦਿਖਾਵੇ।

ਕਿੱਕਰ ਬੀਜ ਕੇ, ਦਾਖਾਂ ਮਿਲਣ ਦੀ ਆਸ ਨਾ ਕਰਨਾ,
ਬੁਰਾ ਕੀਤੇ ਬੁਰਾ ਹੋਣਾ, ਭਲਾ ਕੀਤੇ ਭਲਾ ਹੋਣਾ।

ਕਿਸੇ ਪਰਬਤ ਦੇ ਮੀਂਹ ਵਾਂਗੂੰ ਵਤਨ ਵੱਲ ਫੇਰ ਜਾ ਪ੍ਰੀਤਮ!
ਕੋਈ ‘ਦਰਿਆਂ ਦੇ ਕੰਢੇ ਰੁੱਖੜਾ’ ਉਡੀਕਦਾ ਹੋਣਾ।

ਕੋਈ ਕੀ ਯਾਦ ਕਰਸੀ, ਓਸ ਥਾਂ! ਜਿੱਥੇ ਨਾ ਕੁਝ ਬਦਲੇ,
ਕਿਸੇ ਵੀ ‘ਯਾਦ’ ਖ਼ਾਤਿਰ, ‘ਵਕਤ’ ਨੂੰ ਪੈਂਦੈ ਫ਼ਿਦਾ ਹੋਣਾ।

‘ਕਦੇ ਵੀ ਨਾ ਸਨ ਇਸ ਦੇ ਵਿਹੜੇ ‘ਚ ਰੌਣਕਾਂ’,
ਇਹ ਹੀ ਨਾ ਸਮਝ ਬੈਠੀਂ, ਖਾਲੀ ਮਕਾਨ ਦੇਖ।

ਕੋਈ 'ਕੌਡੇ' ਵਰਗਾ ਜ਼ਾਲਮ ਸੀ, ਕੋਈ 'ਸੱਜਣ' ਬਣ ਕੇ ਠੱਗਦਾ ਸੀ,
ਨਾ ਲੋੜ ਪਈ ਹਥਿਆਰਾਂ ਦੀ, ਉਹਨਾਂ ਦੀ ਬੁਰਾਈ ਮਾਰਨ ਲਈ।

ਕੋਈ ਵੀ ਗੱਲ, ਕਦੇ ਕੋਈ ਪੱਥਰ 'ਤੇ ਲੀਕ ਨਹੀਂ ਹੁੰਦੀ,
ਹਾਲਾਤ ਬਦਲਦੇ ਰਹਿੰਦੇ ਨੇ, ਹਰ ਗੱਲ ਹੈ ਸੋਚ ਵਿਚਾਰਨ ਲਈ।

ਕਹਿਣ ਨੂੰ ਤਾਂ ਉਹ ਮਾਮੂਲੀ, ਛੱਲਾ ਸੀ ਜੋ ਦੇ ਗਿਆ,
ਉਸ ਨਿਸ਼ਾਨੀ ਵਿਚ ਛੁਪਾਕੇ, ਸ਼ੈਅ ਜੋ ਦਿੱਤੀ ਹੋਰ ਸੀ।

ਕਦੇ ਸੁਣਿਆਂ ਹੈ, ਹਰ ਫ਼ਿਰਕੇ ਦਾ ਆਪਣਾ ਸੁਰਗ ਵੱਖਰਾ ਹੈ!
ਜੇ ਓਥੇ ਇਕ ਥਾਂ ਰਹਿਣਾ ਤਾਂ ਨਾ ਏਥੇ ਨਿਭਾਈ ਕਿਉਂ?

ਕੋਈ ਚਾਹਤ, ਜਦੋਂ ਜਨੂੰਨ ਬਣੀ,
ਮਰਨ ਮਾਰਨ ਦਾ ਫ਼ੈਸਲਾ ਕੀਤਾ ।

ਕੱਟੀ ਹੋਈ ਪਤੰਗ ਨੂੰ ਲੁੱਟਦਾ, ਕੋਠੇ ਉੱਤੋਂ ਡਿੱਗਾ,
ਇਸ ਦੁਨਿਆਵੀ ਖੇਡ 'ਚ ਦੇਖਾਂ, ਦੋਹਾਂ ਦਾ ਅੰਜਾਮ।

ਕੌਣ ਸੀ? ਜੋ ਖ਼ਾਕ ਤੋਂ ਕੋਈ ਚੀਜ਼ ਲੈ ਕੇ ਆ ਗਈ,
ਕੁਝ ਹਸਾ ਕੇ, ਕੁਝ ਰੁਵਾ ਕੇ, ਖ਼ਾਕ ਨੂੰ ਪਰਤਾ ਗਈ।

ਕਾਹਲ ਦੇ ਵਿਚ ਸਾਥੀਆਂ ਨੂੰ ਦਰੜ ਨਾ,
ਪੰਛੀਆਂ ਤੇ ਕੀੜੀਆਂ ਦੀ ਤੱਕ ਕਤਾਰ।

ਕਿਉਂ ਖ਼ੁਸ਼ੀ ਬਣੀ ਏਂ ਬਰਖਾ, ਹੰਝੂਆਂ ਤੇ ਗੋਲੀਆਂ ਦੀ,
ਇਸ ਨੇ ਤਾਂ ਬਰਸਣਾ ਸੀ ਆਬ-ਏ-ਹਯਾਤ ਬਣ ਕੇ।

ਕਮਜ਼ੋਰ ਹੈ ਜੋ ਬੰਦਾ, ਆਪਣੀ ਸੁਰੱਖਿਆ ਲਈ,
ਰੱਬਾਂ ਦੇ, ਰਾਜਿਆਂ ਦੇ, ਕਈ ਡੰਨ ਭਰ ਰਿਹਾ ਹੈ।

ਕੀ ਕਹਾਂ! ਕਿ ਦਿਨ ਵੀ ਇਕ ਤੂਫ਼ਾਨ ਹੈ,
ਇਸ ਲਈ ਸੁਪਨੇ ਸਿਤਾਰੇ ਇਕ ਜਿਹੇ।

ਕੁਰਬਾਨ ਹੋਨੇ ਵਾਲੇ ਭਲਾ ਕਬ ਯਿਹ ਜਾਨਤੇ ਹੈਂ!
ਕਿ ਯਿਹ ਪਿਆਰ ਕੀ ਹੈ ਯਾ ਫਿਰ ਜਜ਼ਬਾਤ ਕੀ ਕਹਾਨੀ।

ਕੋਈ ਪਿਆਰ ਕਾ ਪੁਜਾਰੀ, ਕੋਈ ਪਿਆਰ ਕਾ ਵਪਾਰੀ,
ਯਿਹ ਭੀ ਹੈ ਅਪਨੀ ਅਪਨੀ ਔਕਾਤ ਕੀ ਕਹਾਨੀ।

ਕਿਸੇ ਦਾ ਹੁਸਨ ਵੀ ਹੈ, ਆਪਣੇ ਖ਼ਿਆਲ ਵੀ,
ਸ਼ਰਾਬ ਹੀ ਨਹੀਂ ਹੈ ਹੁੰਦੀ ਖ਼ੁਮਾਰ ਲਈ।

ਕਰਕੇ ਵਫ਼ਾ ਦੇ ਵਾਅਦੇ, ਲੋਕੀ ਨਹੀਂ ਨਿਭਾਉਂਦੇ,
ਇਹ ਗੱਲ ਵੀ ਸਮਝਾਵੋ, ਇਸ ਦਿਲ ਸੌਦਾਈ ਨੂੰ।

'ਕਲਪ-ਰੁੱਖ' ਕਲਪਨਾ ਤੇਰੀ ਦਾ ਦੂਜਾ ਨਾਮ ਹੈ ਪ੍ਰੀਤਮ!
ਮੂੰਹ ਮੰਗੀਆਂ ਮੁਰਾਦਾਂ ਲੈਣੀਆਂ, ਤਾਂ ਇਸ ਦੀ ਛਾਂਵੇਂ ਬਹਿ।

ਕਤਰੇ ਦੇ ਮੋਢੇ ਤੇ, ਨੀਂਹ ਬਣੇ ਸਮੁੰਦਰ ਦੀ,
ਐਸਾ ਹੀ ਰਿਸ਼ਤਾ ਹੈ, ਆਦਮ ਤੇ ਖ਼ੁਦਾ ਅੰਦਰ।

ਖਾਣ ਲਈ ਕੁਝ ਬੂਰ ਦੇ ਲੱਡੂ ਹਯਾਤੀ ਨੂੰ ਮਿਲੇ,
ਖਾ ਕੇ ਪਛਤਾਉਂਦੀ ਰਹੀ, ਨਾ-ਖਾ ਕੇ ਪਛਤਾਉਂਦੀ ਰਹੀ।

ਖ਼ਬਰ ਰੱਖੀਂ ਐ 'ਪ੍ਰੀਤਮ'! ਕਿ ਕਿਸੇ ਦੀ ਰੂਹ ਨਾ ਮਰ ਜਾਵੇ
ਓਦੋਂ ਕੁਝ ਵੀ ਨਹੀਂ ਰਹਿਣਾ, ਜਦੋਂ ਰੂਹਾਂ ਨੇ ਮਰ ਜਾਣਾ।

ਖ਼ੁਸ਼ਹਾਲ ਸੀ ਤੇ ਹੈ ਵੀ ਸੀ ਦੱਰੇ ਦੇ ਸਾਹਮਣੇ,
ਫਿਰ ਕਿਉਂ ਨਾ ਭੀੜ ਲਾਲਚੀ ਏਥੋਂ ਦੀ ਲੰਘਦੀ!

ਖ਼ਾਮੀਆਂ ਅਕਸਰ ਫ਼ਸਾਨਾ ਬਣਦੀਆਂ,
ਇਕ ਉਦਾਸੀ ਦਾ ਬਹਾਨਾ ਬਣਦੀਆਂ।

ਖ਼ਬਤ ਹੋਈ ਜ਼ਿੰਦਗੀ, ਰੁਜ਼ਗਾਰ ਵਿਚ, ਪਰਿਵਾਰ ਵਿਚ।
ਗੁੰਮ ਹੈ ਹਰ ਆਦਮੀ, ਆਪਣੇ ਹੀ ਸੰਸਾਰ ਵਿਚ।

ਖ਼ਤਰੇ ਦੇ ਵਿਚ, ਬੱਚਿਆਂ ਨੂੰ ਮਾਂ ਨਾ ਛੱਡ ਕੇ ਜਾਏਗੀ,
ਪੰਛੀ ਉੱਡ ਜਾਵੇਗਾ ਕਿਧਰੇ, ਕਿੰਜ ਪਰਾਂ ਨੂੰ ਛੱਡ ਕੇ।

ਖਾਵਾਂ - ਬਣਾਗਾ ਕੋਹੜੀ, ਛੱਡਾਂ - ਕਲੰਕ ਹੈ,
ਇੰਜ ਵੀ ਸਜ਼ਾ ਮਿਲੇ ਤੇ ਉਂਜ ਵੀ ਸਜ਼ਾ ਮਿਲੇ।

ਗੋਤੇ ਖਾਂਦਾ ਪੁੱਜਿਆ 'ਪ੍ਰੀਤਮ' ਜਦੋਂ,
ਕਹਿਣ ਲੱਗੇ 'ਉਹ' ਤੇ ਦੂਜੇ ਪਾਰ ਨੇ।

ਗੱਲ ਓਨੀ ਕਰਿਆ ਕਰ ਜੋ ਹੈ ਸੱਚ ਦੁਨੀਆਂ ਦਾ,
ਬਣਾ ਨਾ ਐਵੇਂ ਪਰਬਤ, ਐ ਪ੍ਰੀਤਮ! ਰਾਈ ਨੂੰ।

ਗੁਨਾਹਾਂ ਤੋਂ ਪਰੇ ਰਹਿ ਕੇ ਮੈਂ ਵੱਡਾ ਦੇਵਤਾ ਹੁੰਦਾ,
ਜੇ ਜੀਵਨ ਜੀਣ ਦੇ ਲਈ, ਮੈਂ ਵੀ ਦੁਨੀਆਂਦਾਰ ਨਾ ਹੁੰਦਾ।

ਘਟਨਾਵਾਂ ਦੀ ਕੁੱਖ ਦੇ ਵਿਚੋਂ, ਘਟਨਾਵਾਂ ਪੈਦਾ ਹੁੰਦੀਆਂ ਨੇ,
ਕੋਈ ਕਾਰਨ ਹੀ ਤਾਂ ਹੁੰਦਾ ਹੈ 'ਜੜ੍ਹ' ਬਣਦੇ ਹੋਏ ਕਾਰਨ ਲਈ।

ਚੰਗਾ ਵੀ ਹੁੰਦਾ ਹੈ, ਜੇਕਰ ਬੱਚਾ ਜ਼ਿਦ ਕਰਦਾ ਹੈ,
ਇਹ ਹੀ ਪ੍ਰਤੀਕਰਮ ਹੈ, ਉਸ ਨੂੰ ਜੋ ਮਜ਼ਬੂਤ ਬਣਾਵੇ।

ਚੱਲਦੇ ਨੇ ਜੋ ਨਾਲ ਸਮੇਂ ਦੇ, ਸੰਪਰਦਾ ਨਾ ਮੰਨਦੇ,
ਨਾ ਕੋਈ ਸੁਬਹ ਉਨ੍ਹਾਂ ਦੀ ਹੁੰਦੀ, ਨਾ ਕੋਈ ਹੁੰਦੀ ਸ਼ਾਮ।

ਚੇਤਨਾ, ਕਾਫ਼ਿਰ ਬਣਾ ਕੇ ਛੱਡ ਗਈ,
ਰਾਹ ਤੋਂ ਮੁਨਕਰ ਬਣਾ ਕੇ ਛੱਡ ਗਈ।

ਛਿਣ ਛਿਣ ਕਰਕੇ ਗੁਜ਼ਰ ਰਿਹਾ ਹਾਂ, ਮੈਂ ਸਮੇਂ ਦੀ ਬਸਤੀ 'ਚੋਂ,
ਐਵੇਂ ਕਹੀ ਜਾ ਰਿਹਾ ਹਾਂ ਕਿ, "ਸਮਾਂ ਨਹੀਂ ਜਾਂਦਾ ਫੜਿਆ"।

ਛੱਤੀਹ-ਪਦਾਰਥਾਂ ਨੂੰ, ਇਸ 'ਹਵਨ-ਕੁੰਡ' 'ਚ ਪਾਓ!
'ਕਲਿਆਣ' ਹੋਵੇ ਉਸਦੀ, ਭੁੱਖਾ ਜੋ ਮਰ ਰਿਹਾ ਹੈ।

ਜਿੱਥੇ ਜਾ ਕੇ ਇਹ ਸੱਤ-ਰੰਗੀ-ਪੀਂਘ ਖ਼ਤਮ ਹੁੰਦੀ, ਪ੍ਰੀਤਮ!
ਓਥੇ ਅੱਜ ਉਡੀਕੇ ਤੈਨੂੰ, ਮਹਿਰਮ ਤੇਰੇ ਚਾਵਾਂ ਦਾ।

ਜਦੋਂ ਕਿਸੇ ਮਸਤੀ ਦਾ ਆਲਮ, ਆ ਜਾਵੇ ਮਨ ਦੇ ਅੰਦਰ,
ਸਾਜ਼ ਕੋਈ ਹੋਵੇ ਨਾ ਹੋਵੇ, ਸਰਗਮ ਪੈਦਾ ਕਰਦਾ ਹੈ।

ਜਦ ਕਿਸੇ, ਪੱਥਰ ਸੁਨਹਿਰੀ ਚੁਗ ਲਿਆ,
ਆਪਣੇ ਟੁੱਟੇ ਦਿਲ ਦਾ ਚੇਤਾ ਆ ਗਿਆ।

ਜ਼ਿੰਦਗੀ, ਬਸ ਦੋ ਤੇ ਦੋ ਮਿਲ ਕੇ ਜੋ ਹੁੰਦੇ ਚਾਰ, ਨਹੀਂ, (ਦੋ ਤੇ ਦੋ ਮਿਲ ਚਾਰ ਹੁੰਦੇ ਰਹਿਣਗੇ,
ਇਹ ਯਕੀਨਨ ਜਿੱਤ ਨਹੀਂ ਤੇ ਇਹ ਯਕੀਨਨ ਹਾਰ ਨਹੀਂ। ਕੁਝ ਕੁ ਜਜ਼ਬੇ ਇਹ ਸਜ਼ਾ ਵੀ ਸਹਿਣਗੇ।

ਜ਼ਿੰਦਗੀ ਤੇ ਮੌਤ ਦੇ ਵਾਂਗੂੰ ਹੀ ਇਹ ਵਿਸ਼ਵਾਸ ਹੈ,
ਇਹ ਕਦੇ ਵੀ ‘ਹੋਣ’ ਜਾਂ ‘ਨਾ-ਹੋਣ’ ਦੇ ਵਿਚਕਾਰ ਨਹੀਂ।

ਜਿੱਥੇ ਅੱਖਾਂ ’ਚ ਲੋੜਾਂ ਰੜਕਦੀਆਂ,
ਓਥੇ ਦਿਲ ਦਾ ਖ਼ਵਾਬ ਕੀ ਹੋਵੇ ?

ਜੋ ਇੱਲ ਨੂੰ ਆਪ ਕੋਕੋ ਕਹਿੰਦੇ ਨੇ,
ਸਬਕ ਸਿਖਾਉਣ ਦੀ ਗੱਲ ਕਰਦੇ ਨੇ।

ਜਿਨ੍ਹਾਂ ਨੇ ਬਾਗ ਤਾਂ ਲਾਏ ਮਗਰ ਰਾਖੀ ਨਹੀਂ ਕੀਤੀ,
ਉਨ੍ਹਾਂ ਦੇ ਬਾਗ, ਫ਼ਲ਼ ਦੇਵਣ ਤੋਂ ਪਹਿਲਾਂ ਉੱਜੜੇ ਦੇਖੇ।

ਜੋ ਬੜੀ ਡਰਾਵਨੀ ਹੈ ਔਰ ਬੜੀ ਹੀ ਦਿਲਚਸਪ ਹੈ,
ਯਿਹ ਕੌਨ ਕਹਿ ਰਹਾ ਹੈ! ਕਾਇਨਾਤ ਕੀ ਕਹਾਨੀ।

ਜਿਨ੍ਹਾਂ ਬੇਸਮਝ ਰੂਹਾਂ ਨੂੰ ਕਦੇ ਸੰਤੋਖ ਨਹੀਂ ਆਉਂਦਾ,
ਉਨ੍ਹਾਂ ਖ਼ੁਦ ਵੀ ਦੁਖੀ ਰਹਿਣਾ, ਜ਼ਮਾਨੇ ਨੂੰ ਵੀ ਕਰ ਜਾਣਾ।

ਜੋ ਐਸੀ ਬਾਤ ਨਾ ਮਾਨੇਂਗੇ ਕਿ ਦਿਲ ਕੇ ਬਿਨਾ ਭੀ ਜੀਵਨ ਹੈ,
ਹਰ ਝੰਗ ਮੇਂ ਐਸੇ ਰਾਂਝੇ ਹੈਂ, ਹਰ ਰੰਗ ਮੇਂ ਐਸੇ ਪ੍ਰੀਤਮ ਹੈਂ।

ਜਵਾਨੀ ਦੇ ਜੋਸ਼ ਵੇਲ਼ੇ ਕੀਤੀ ਜੋ ਅਨਸੁਣੀ,
ਯਾਦ ਆਏਗੀ ਕਿਸੇ ਦੀ ਨਸੀਹਤ ਕਦੀ ਕਦੀ।

ਜਿਨ੍ਹਾਂ ਜੋਤੀ-ਕਲਸ ਚੁੱਕੇ, ਅਗਾਹ ਹੋ ਗੀਤ ਵੀ ਗਾਏ,
ਜਦੋਂ ਬਾਰਾਤ ਪਹੁੰਚੀ ਤਾਂ, ਉਹ ਬਾਹਰ ਹੀ ਖੜੇ ਦੇਖੇ।

ਜਵਾਨੀ! ਤੈਨੂੰ ਕਾਬੂ ਕਰਨ ਲਈ, ਬੁੱਢੀ ਸਿਆਸਤ ਦੇ,
ਹਰ ਯੁਗ, ਹਰ ਜਗਹ ਉੱਤੇ ਹੀ, ਮਨਸੂਬੇ ਘੜੇ ਦੇਖੇ।

ਜ਼ਿੰਦਗੀ ਵਿਚ ਬਹੁਤ ਸੁਣਦਾ, ਬਹੁਤ ਕਹਿੰਦਾ,
ਫੇਰ ਵੀ ਇਨਸਾਨ ‘ਚੁੱਪ-ਅੱਖਰ’ ਜਿਹਾ ਹੈ।

ਜਿਨ੍ਹਾਂ ਨੂੰ ਜ਼ਿੰਦਗੀ ਵਿਚ ਗੋਸ਼ਟੀ ਦੀ ਜਾਚ ਨਹੀਂ ਆਈ,
ਪ੍ਰੀਤਮ ਨੇ ਕਈ ਬੇ-ਸਮਝ ਆਪੋ ਵਿਚ ਲੜੇ ਦੇਖੇ।

ਜਿਸ ਚੈਨ ਦੇ ਲਈ, ਤੂੰ ਫਿਰਦਾ ਹੈਂ ਭਟਕਦਾ,
ਤੇਰੇ ਜਨਮ ਤੋਂ ਲੈ ਕੇ, ਤੇਰੇ ਹੀ ਨਾਲ ਹੈ।

ਜੇ ਉਹਦਾ ਧਰਮ ਵੱਖਰਾ ਹੈ ਤਾਂ ਦੱਸ ਤੇਰਾ ਕੀ ਜਾਂਦਾ ਹੈ!
ਓ ਪ੍ਰੀਤਮ! ਪਿਆਰ ਕਰ, ਐਵੇਂ ਹੀ ਏਥੇ ਅੱਤ ਚਾਈ ਕਿਉਂ?

ਜੇ ਤੇਰੇ 'ਕੰਮ', ਤੇਰੀ ਸਿਫ਼ਾਰਤ ਨਾ ਕਰ ਸਕੇ,
ਗਲੀਆਂ ਦੇ ਵਿਚ ਵਕਾਰ ਤੇਰਾ ਰੋਲ ਆਉਣਗੇ।

ਜ਼ੁਲਮ ਦੀ ਤੇ ਪਾਣੀਆਂ ਦੀ ਹੈ ਰਵਾਨੀ ਇਕ ਹੀ,
ਨੀਵੇਂ ਪਾਸੇ ਵੱਲ ਨੂੰ ਹੀ ਇਹ ਸਦਾ ਵਹਿੰਦੇ ਰਹੇ।

ਜਿਨ੍ਹਾਂ ਰਾਹਾਂ 'ਤ ਚੱਲਣ ਦੇ ਲਈ ਮਜਬੂਰ ਹੋਣਾ ਹੈ,
ਤੁਰਨ ਤੋਂ ਪੇਸ਼ਗੀ, ਬਿਹਤਰ, ਉਨ੍ਹਾਂ ਬਾਰੇ ਪਤਾ ਹੋਣਾ।

ਜਾਓ! ਪਤਾ ਲਗਾਓ!! ਕਿਹੜੀ ਬਲਾ ਹੈ ਉਹ,
ਜੋ ਭਾਈਆਂ ਤੋਂ ਭਾਈਆਂ ਦਾ ਖ਼ੂਨ ਮੰਗਦੀ।

ਜ਼ਿੰਦਾ-ਦਿਲੀ ਸੇ ਦੂ.....ਰ ਵੋਹ ਲੇ ਜਾਏਗੀ ਤੁਮ੍ਹੇਂ,
ਹੱਦ-ਏ-ਸਕੂੰਨ ਕੀ ਤਲਬ ਕਰਨਾ ਨਾ ਤੁਮ ਕਭੀ।

ਜੇ ਹਰ ਗੱਲ ਨੂੰ ਰੱਬ ਦੀ ਰਜ਼ਾ ਹੀ ਕਹਿਣਾ ਹੈ,
ਤਾਂ ਨਹੀਂ ਫ਼ਰਕ, ਭਲਾਈ ਤੇ ਬੁਰਾਈ ਅੰਦਰ।

ਜੇ ਕਦੀ ਇਸ ਜੀਭ ਦਾ ਰਸ ਨਾ ਰਹੇ,
ਖਾਣ ਨੂੰ ਮਿੱਠੇ ਤੇ ਖਾਰੇ ਇਕ ਜਿਹੇ।

ਜਨੂੰਨ ਹੀ ਹੈ ਏਸ ਦੀ ਮੰਜ਼ਿਲ,
ਇਸ਼ਕ ਇਸ ਤੋਂ ਬਿਨਾ ਨਹੀਂ ਹੁੰਦਾ।

ਜਿਸ ਨੇ ਪੀੜਾਂ ਆਪਣੀਆਂ ਦੀ, ਹਾਥ ਪਾ ਲਈ ਹੁੰਦੀ,
ਪੁਰਜ਼ਾ ਪੁਰਜ਼ਾ ਕਟਵਾ ਕੇ ਵੀ, ਉਹ ਤੇ ਹੱਸਦਾ ਰਹਿੰਦਾ।

ਜ਼ਿੰਦਗੀ ਦੀ ਕਸ਼ਮਕਸ਼ ਵਿਚ, ਦੋਸਤੋ!
ਬਾਜ਼ੀਆਂ ਕੁਝ ਜਿੱਤਣੀਆਂ ਕੁਝ ਹਰਨੀਆਂ।

ਜ਼ਿੰਦਗੀ ਤਾਂ ਉਮਰ ਭਰ ਸੌਦਾ ਰਿਹਾ ਹੈ,
ਇਸ ਨੇ ਸਾਹ ਦੇ ਕੇ ਵੀ ਸਾਹ ਵਾਪਸ ਲਿਆ ਹੈ।

ਦਿਨ ਦਾ ਚੜ੍ਹਨਾ ਵਕਤ ਪਾ ਕੇ ਡੁੱਬ ਜਾਣਾ,
ਜ਼ਿੰਦਗੀ ਤੇ ਮੌਤ ਦਾ ਹੀ ਸਿਲਸਿਲਾ ਹੈ।

ਜੋ ਚੇਤ-ਅਚੇਤ ਬਣਾਇਆ ਹੈ, ਖ਼ਾਕਾ ਆਪਣੀ ਖ਼ੁਸ਼ਹਾਲੀ ਦਾ,
ਇਕ ਨੇਕ ਮੁਸ਼ੱਕਤ ਚਾਹੀਦੀ, ਉਸ ਤੋਂ ਇਕ ਮਹਿਲ ਉਸਾਰਨ ਲਈ।

ਜੇ ਜਾਨ ਮੰਗਾਂ ਤਾਂ ਕੋਈ ਜਾਨ ਵੀ ਦੇਵੇ,
ਕਿਸੇ ਈਮਾਨ ਦੇ ਵਰਗਾ ਵਕਾਰ ਦੇ ਮੈਨੂੰ।

ਜਿੱਥੋਂ ਚੱਲਿਆ ਲਗਦੈ ਕਿ ਹਾਲੇ ਓਥੇ ਹਾਂ,
ਮੈਂ ਵਗਦੇ ਖੂਹ ਦਾ ਪਾਣੀ, ਨਿਸਾਰ ਦੇ ਮੈਨੂੰ।

ਜਾਣਦਾ ਹਾਂ ਕਿ ਥੋੜ੍ਹ-ਚਿਰੀ ਹੈ ਫਿਰ ਵੀ,
ਫ਼ਿਜ਼ਾ ‘ਚ ਖ਼ੁਸ਼ਬੂ ਦੇ ਵਾਂਗੂੰ, ਖਿਲਾਰ ਦੇ ਮੈਨੂੰ।

ਜੰਮਿਆਂ ਹੈ ਲਾਲਚ ਐਸਾ ਜੋ ਕੁਦਰਤ ਨੂੰ ਬਾਂਝ ਕਰੀ ਜਾਵੇ,
ਹੁਣ ਉਸ ਤੋਂ ਬੀਜ ਨਹੀਂ ਬਣਨਾ, ਜੋ ਬੀਜ ਕਿਸੇ ਨੇ ਬੋਣਾ ਹੈ।

ਜਿਸ ਦਾ ਪੇਸ਼ਾ ਪ੍ਰੀਤ ਹੈ ਤੇ ਜਿਸ ਦਾ ਜੀਵਨ ਪ੍ਰੀਤ ਹੈ,
ਬੇਵਫ਼ਾ ਬਣ ਕੇ, ਉਹ ‘ਪ੍ਰੀਤਮ’, ਬੇਵਫ਼ਾ ਹੁੰਦਾ ਨਹੀਂ।

ਜਿਸ, ਮੇਰਾ ਰੁੱਖ ਵੱਢ ਕੇ, ਬੇੜੀ ਬਣਾ ਲਈ ਸੀ,
ਦੇਖੀਂ ਜ਼ਰਾ ਕੁ ‘ਪ੍ਰੀਤਮ’! ਡੁੱਬਿਆ ਕਿ ਤਰ ਰਿਹਾ ਹੈ।

ਜਦ ਤਾਈਂ ਆਸਾਂ ਦੇ ਨਾਲ ਰਿਸ਼ਤਿਆਂ ਦੀ ਗੱਲ ਹੈ ,
ਤਦ ਤਾਈਂ ਹੀ ਤਾਂ ਗਿਲੇ ਤੇ ਸ਼ਿਕਵਿਆਂ ਦੀ ਗੱਲ ਹੈ।

ਜਿਸ ਦੇ ਵਿਚ ਸੂਲੀ ਹੀ ਨਾ ਅੰਜਾਮ ਹੈ,
ਮੁਜਰਿਮਾਂ ਲਈ ਉਹ ਵੀ ਇਕ ਨਿਜ਼ਾਮ ਹੈ।

ਜਿੱਥੇ ਨਾਲ ਕੋਈ ਨਾ ਜਾ ਸਕੇ, ਓਥੇ ਜਾ ਕੇ ਵੀ ਕੋਈ ਆ ਸਕੇ,
ਜੇ ਤੂੰ 'ਸਰਬ-ਸ਼ਕਤੀਮਾਨ' ਹੈਂ, ਜ਼ਰਾ ਇਹ ਵੀ ਕਰ ਕੇ ਦਿਖਾਲ ਦੇ।

ਜਨੂੰਨ ਬਣੀਆਂ ਹਸਰਤਾਂ ਦਾ, ਐਸਾ ਇਕ ਤੂਫ਼ਾਨ ਆਇਆ,
ਜੁੱਰਤਾਂ ਦੀ, ਹਿੰਮਤਾਂ ਦੀ, ਵਹਿਸ਼ਤਾਂ ਦੀ ਯਾਦ ਆਈ।

ਜ਼ੁਲਮ ਓਦੋਂ ਹੀ ਜ਼ੁਲਮ ਦਿਖਾਈ ਦੇਂਦਾ ਹੈ,
ਜਦੋਂ ਜਦੋਂ ਕੁਦਰਤ ਤੋਂ ਨਾਬਰ ਹੁੰਦਾ ਹਾਂ।

ਜੀਵਨ-ਸੰਗੀਤ ਸੁਣੀਏਂ, ਹਵਾ ਤੋਂ, ਪਾਣੀਆਂ ਤੋਂ,
ਮੌਸਮ ਨਿਗਲ ਨਾ ਜਾਵੇ, ਇਹਨਾਂ ਸਾਜ਼ਿੰਦਿਆਂ ਨੂੰ।

ਜਦ ਸਾਧਨਾ ਦੇ ਰੁੱਖ 'ਤੇ ਮੁਕਤੀ ਦਾ ਬੂਰ ਆਇਆ,
ਜੀਵਨ ਦੀ ਆਰਜ਼ੂ ਨੇ, ਝੰਬੀ ਹਰੇਕ ਡਾਲ਼ੀ।

ਝੂਠ ਦੇ ਕਬਜ਼ੇ ਵਿਚ, ਜਦੋਂ ਮਜਬੂਰ ਸਚਾਈ ਹੋਵੇਗੀ,
ਉਹ ਛੇਤੀ ਹੀ ਭਬਕ ਪਵੇਗਾ, ਜੋ ਸੱਚ ਬੋਲਣ ਵਾਲਾ ਹੈ।

ਠੀਕ ਹੈ ਕਿ ਇਹ ਚੰਦ ਰੋਜ਼ ਬਦਲੇ,
ਪਰ ਇਹੇ ਬੇ-ਵਫ਼ਾ ਨਹੀਂ ਹੁੰਦਾ।

ਤੇਰੀ ਮੰਜ਼ਿਲ ਨਾਲ ਜੋ ਤੇਰੇ ਕਦਮ ਨੂੰ ਜੋੜਦੀ,
ਓਸ ਪਗਗਡੰਡੀ ਵਿਚਾਰੀ ਬਾਂਝ-ਕੁੱਖ ਨੂੰ ਦੇਖ ਤੂੰ।

ਤੇਰੀ ਤਪਸ਼ ਵੀ ਮਿਟਣਾ ਚਾਹਵੇ ਤੇ ਮੈਂ ਵੀ ਨਿੱਘ ਭਾਲਾਂ,
ਡਰਦਾ ਹਾਂ ਕਿਤੇ ਦੋਵੇਂ ਮਿਲ ਕੇ ਲੈ ਨਾ ਅਉਣ ਤੂਫ਼ਾਨ ।

ਤਾਕਤਾਂ ਵੰਡਣ ਦੀ ਆਈ ਹੈ ਘੜੀ,
ਹਮ-ਵਤਨ, ਹਮ-ਸ਼ੀਰ ਵੀ ਖ਼ਤਰੇ 'ਚ ਹੈ।

ਤਨ-ਮਨ ਅਰੋਗ ਹੋਵੇ ਤੇ ਕਦੇ ਨਾ ਮੌਤ ਆਵੇ,
ਇਹ ਰਿਹਾ ਹੈ ਤੇ ਰਹੇਗਾ, ਅਰਮਾਨ ਜ਼ਿੰਦਗੀ ਦਾ।

ਤੈਨੂੰ ਪੂਰਾ ਹੋਣ ਦੀ ਖ਼ਾਤਰ, ਮਰ ਜਾਵਣ ਦੀ ਲੋੜ ਨਹੀਂ,
ਤੂੰ ਜੇਕਰ ਮਾਹਰ ਹੋ ਜਾਵੇਂ, ਜੀਵਨ ਦੀਆਂ ਕਲਾਵਾਂ ਦਾ।

ਤਬਦੀਲੀ ਦਾ ਹੀ ਦੂਜਾ ਨਾਂ, ਇਕ ਜ਼ਹਿਰ ਦਾ ਭਰਿਆ ਪਿਆਲਾ ਹੈ,
'ਸੁਕਰਾਤ' ਨੇ ਪੀਂਦੇ ਰਹਿਣਾ ਹੈ, ਕਈ ਜਜ਼ਬੇ ਨਵੇਂ ਉਭਾਰਨ ਲਈ।

ਤੂ ਕਰੇਂ ਜਾਂ ਭਾਵੇਂ ਨਾ ਹੀ ਕਰੇਂ, ਇਨਸਾਫ਼ ਦੀ ਡੰਡੀ ਨੂੰ ਸਾਵਾਂ,
ਤੇਰੀ ਰੂਹ ਨੇ ਕਹਿੰਦੇ ਰਹਿਣਾ ਹੈ, ਪਾਣੀ ਤੇ ਦੁੱਧ ਨਿਤਾਰਨ ਲਈ।

ਤੁਰ ਗਈ ਬਹਾਰ ਦਾ ਮਾਤਮ ਨਾ ਕਰਨਾ ਦੋਸਤੋ!
ਏਨਾ ਹੀ ਕਾਫ਼ੀ ਹੈ ਕਿ ਉਹ ਬਾਗ ਨੂੰ ਮਹਿਕਾ ਗਈ।

ਤੂਫ਼ਾਨਾਂ ਦਾ ਕੀ ਸ਼ਿਕਵਾ, ਤਾਕਤਵਰ ਜ਼ੋਰ ਦਿਖਾਉਣਾ ਏਂ,
ਉਹ ਡੁੱਬਦੇ ਨੇ ਜਿਨ੍ਹਾਂ ਦੇ ਕਮਜ਼ੋਰ ਸਹਾਰੇ ਹੁੰਦੇ ਨੇ।

ਤਾਕਤਾਂ, ਹਕੂਮਤਾਂ, ਬਗ਼ਾਵਤਾਂ, ਸ਼ਹਾਦਤਾਂ,
ਇਹ ਸਮੇ ਦੇ ਨਾਲ ਨਾਲ ਤੁਰਦਿਆਂ ਦੀ ਗੱਲ ਹੈ।

ਤੂੰ ਉਲਝਣਾ 'ਚੋਂ ਨਿਕਲੇ ਸਵਾਲਾਂ ਦੀ ਰਟ ਲਗਾ,
ਜਵਾਬ ਆਪਣੇ ਆਪ ਤੇਰੇ ਕੋਲ ਆਉਣਗੇ।

ਤੜਪ ਤੜਪ ਕੇ ਮਰਨਾ ਬਦਤਰ ਹੁੰਦਾ ਹੈ,
ਬਾਜ਼ ਅਚਿੰਤੇ ਪੈਣ ਤਾਂ ਬਿਹਤਰ ਹੁੰਦਾ ਹੈ।

ਤਨ-ਮਨ ਅਰੋਗ ਹੋਵੇ ਤੇ ਕਦੇ ਨਾ ਮੌਤ ਆਵੇ,
ਇਹ ਰਿਹਾ ਹੈ ਤੇ ਰਹੇਗਾ, ਅਰਮਾਨ ਜ਼ਿੰਦਗੀ ਦਾ।

ਤੂੰ ਲਾਰੇ 'ਤੇ ਬਹਿ ਕੇ ਫੇਰੀ ਜਾ ਮਾਲਾ,
ਮੈਂ ਜੰਨਤ ਸਦਾ ਪੇਸ਼ਗੀ ਮੰਗਦਾ ਹਾਂ।

ਤਿਆਗ ਦਾ ਖੰਜਰ, ਚਲਾਵਣ ਵਾਲਿਓ!
ਛੇਤੀ ਕੀਤੇ ਹਸਰਤਾਂ ਨਹੀਂ ਮਰਨੀਆਂ।

ਤੜਕਸਾਰ ਜੋ ਗਲੀਆਂ ਦੇ ਵਿਚ ਦਰਦ ਭਰੀ ਆਵਾਜ਼ ਸੁਣੀ,
ਮੰਗਤਾ, ਜੋਗੀ, ਆਸ਼ਿਕ, ਦੁਖੀਆ, ਕੌਣ ਸੀ ਬਿਰਹਾ ਗਾਉਂਦਾ?

ਤੂਫ਼ਾਨ ਸੇ ਕਿਆ ਸ਼ਿਕਵਾ! ਉਸ ਕੀ ਭੀ ਜਵਾਨੀ ਹੈ!
ਵੋਹ ਡੂਬਤੇ ਹੈਂ, ਜਿਨ ਕੇ, ਕਮਜ਼ੋਰ ਸਹਾਰੇ ਹੈਂ।

ਦੋ ਵਿਛੜੀਆਂ ਰੂਹਾਂ ਨੂੰ, ਮੇਲੀਂ, ਜੇ ਮੇਲ ਸਕੇਂ,
ਇਹ ਹੀ ਤਾਂ ਕਰਮ ਹੁੰਦਾ, ਟਿੰਡਾਂ 'ਤੇ ਰੇੜੀ ਦਾ।

ਦੇਖੋ ਅੰਗ ਸਰੀਰ ਦੇ ਕੀ ਕੀ ਕੀ ਇਕ ਦੂਜੇ ਲਈ ਕਰਦੇ ਨੇ,
ਅੱਖਾਂ ਉਸ ਨੂੰ ਢੂੰਢਣ ਪਈਆਂ, ਦਿਲ ਜਿਸ ਦਾ ਮਤਵਾਲਾ ਹੈ।

ਦੇਖ ਕੇ ਬਚਪਨ ਦੀ ਇਕ ਤਸਵੀਰ ਮੈਂ ਇਹ ਸੋਚਦਾਂ,
ਹੁਣ ਤਾਈਂ ਇਹ ਜ਼ਿੰਦਗੀ ਕੀ ਖੋ ਗਈ ਕੀ ਪਾ ਗਈ!

ਦੇਖਣ ਨੂੰ ਬਹੁਤਾ ਫ਼ਰਕ ਲਗਦਾ ਨਹੀਂ ਪਰ ਇਸ਼ਕ ਲਈ,
ਜ਼ਿੰਦਗੀ ਤੇ ਮੌਤ ਦਾ ਹੈ, ਪਾਰ ਤੇ ਉਰਵਾਰ ਵਿਚ।

ਦੇਖ! ਇਹ ਆਦਤ ਤੁਰਦੇ ਰਹਿਣ ਦੀ,
ਬੂੰਦਾਂ ਨੂੰ, ਸਾਗਰ ਬਣਾ ਕੇ ਛੱਡ ਗਈ।

ਦਿਲ ਦੀ ਪੀੜ ਛੁਪਾਵਣ ਵਾਲੇ, ਹੁੰਦੇ ਵਾਂਗ ਸਮੁੰਦਰ ਦੇ,
ਉਤੋਂ ਲਹਿਰ-ਬਹਿਰ ਤੇ ਵਿਚੋਂ ਗਉਰੇ ਭਾਰੇ ਹੁੰਦੇ ਨੇ ।

ਦੋ ਤੇ ਦੋ ਮਿਲ ਚਾਰ ਹੁੰਦੇ ਰਹਿਣਗੇ,
ਕੁਝ ਕੁ ਜਜ਼ਬੇ ਇਹ ਸਜ਼ਾ ਵੀ ਸਹਿਣਗੇ।

ਦੱਸ ਪ੍ਰੀਤਮ! ਫੇਰ ਮੈਨੂੰ ਰਹਿਮਤਾਂ ਦੀ ਲੋੜ ਕੀ?
ਅਮਲਾਂ ਦੇ ਉੱਤੇ ਹੀ ਹੋਣੇ ਹੈਨ ਜੇਕਰ ਫ਼ੈਸਲੇ।

ਦੇਖਣ ਵਾਲੇ ਦਾ, ਹੁਣ ਡਰ ਨਾ ਰਿਹਾ,
ਹੁਣ ਭੋਲੀ ਜ਼ਮੀਰ ਵੀ ਖ਼ਤਰੇ 'ਚ ਹੈ।

ਦੌਲਤਾਂ, ਹੁਸਨਾਂ ਤੇ ਇੱਛਾਵਾਂ 'ਚ ਆ,
ਧਰਮੀ ਦੀ ਤਾਸੀਰ ਵੀ ਖ਼ਤਰੇ 'ਚ ਹੈ।

ਦਿਸ-ਹੱਦੇ ਦੇ ਨਾਲ ਮੇਰੀ ਇਸ ਤਰ੍ਹਾਂ ਬਣਦੀ ਰਹੀ,
ਖੜ੍ਹ ਗਿਆਂ ਤਾਂ ਖੜ੍ਹ ਗਿਆ ਤੁਰ ਪਿਆਂ ਤਾਂ ਤੁਰ ਪਿਆ।

ਦੇਰ ਤੋਂ ਹੀ ਨਾ ਕਿਸੇ ਵੰਗਾਰਿਆ,
ਦੇਰ ਤੋਂ ਹੀ ਹੌਸਲੇ ਬੇਕਾਰ ਨੇ।

ਧਰਮ ਦੇ ਨਾਂ 'ਤੇ ਜੋ ਚੋਣਾ ਲੜ ਰਿਹੈ,
ਉਸਦੀ ਪੱਧਰ ਦੀ ਕਹਾਣੀ ਛੇੜੀਏ।

ਧਰਤੀ ਦੀ ਕੁੱਖ ਇਕ ਦਿਨ ਬੇਸ਼ੱਕ ਫ਼ਨਾਹ ਹੋਵੇ,
ਪਰ ਇਸ ਦੇ ਸਿਰ ਰਹੇਗਾ ਅਹਿਸਾਨ ਜ਼ਿੰਦਗੀ ਦਾ।

ਧਰਤੀ ਦੀ ਸੁਲਗਦੀ ਛਾਤੀ ਨੇ, ਬਣ ਰਾਖ਼, ਸੀ ਕਿਧਰੇ ਮਿਟ ਜਾਣਾ,
ਜੇ ਸੱਤ ਸਮੁੰਦਰਾਂ ਦਾ ਪਾਣੀ ਹੁੰਦਾ ਨਾ ਇਹਨੂੰ ਠਾਰਨ ਲਈ।

ਧਰਤੀ ਹੈ ਗੋਲ਼ ਇਸ ਲਈ ਕਿ ਦੂਰ ਨਾ ਦਿਸੇ,
ਤੇ ਥੱਕੇ ਹਾਰਿਆਂ ਦੀ ਹਿੰਮਤ ਨਾ ਮਿਟ ਸਕੇ।

ਨਵੀਂ ਰੁੱਤ ਦੇ ਮੇਲੇ 'ਤੇ, ਇਹਨੂੰ ਕੱਪੜੇ ਨਵੇਂ ਪੁਆਓ!
ਰਸਮਾਂ ਦੇ ਪਾਟੇ ਚੋਲੇ 'ਚੋਂ, ਇਹ ਤਨ ਨੰਗਾ ਹੋਏ।

ਨਰ ਤੇ ਨਾਰ ਦੇ ਵਿਗੜਦੇ-ਅਨੁਪਾਤ ਦੇਖ ਕੇ ਡਰ ਰਿਹਾਂ,
ਕਹਿਰ ਛਾ ਜਾਵੇ ਨਾ ਪ੍ਰੀਤਮ! ਖ਼ੂਨ ਜੇ ਵਹਿੰਦਾ ਰਿਹਾ। ।

ਨਾਂ ਲੈ ਲੈ ਸ਼ਹੀਦਾਂ ਦਾ, ਕਈ ਖ਼ੁਦਗ਼ਰਜ਼ ਫਿਰਦੇ ਨੇ,
ਜਿਨਾਂ ਹੱਥੀਂ, ਤਿਜੌਰੀ ਭਰਨ ਲਈ, ਠੂਠੇ ਫੜੇ ਦੇਖੇ।

ਨਾ ਠੀਕ ਹੋ ਕੇ ਵੀ, ਉਹ ਗੱਲ ਚੰਗੀ ਲੱਗਦੀ,
ਦਿਲ ਹੀ ਦਿਲ ਨੂੰ ਚੁੱਪ-ਚੁਪੀਤੇ ਜਦ ਸਮਝਾਂਦਾ।

ਨ੍ਹੇਰਿਆਂ 'ਚ ਆ ਕੇ, ਨਾ ਰਸਤੇ ਗਵਾਚਦੇ,
ਬੇ-ਬਸੀ 'ਚ ਮੌਤ ਨਾ ਹੁੰਦੀ ਉਮੰਗ ਦੀ।

ਨਾ-ਤਜਰਬਾਕਾਰ ਹੈ ਜੀਵਨ ਦੇ ਰਾਹ 'ਤੇ ਜ਼ਿੰਦਗੀ,
ਫੇਰ ਕੀ ਹੋਇਆ! ਜੇ ਇਹ ਡਰ ਗਈ ਘਬਰਾ ਗਈ।

ਨਾ ਏਥੇ 'ਕਲਪ' ਹੈ ਕੋਈ ਤੇ ਨਾ ਏਥੇ 'ਹੁਮਾ' ਕੋਈ,
ਮੇਰੇ ਵਰਗ ਵਿਚ, ਜਿੰਦਾਂ, ਮੁਸ਼ੱਕਤ ਨਾਲ ਟਕਰਾਈਆਂ।

ਨਾ ਫੁੱਲ ਤੋੜ ਕੇ ਕਤਲ ਕਰੀਂ ਇਹਨਾਂ ਵਿਚ ਵਸਦੇ ਜੀਵਾਂ ਨੂੰ,
ਬੇਜਾਨ ਈਸ਼ਵਰ ਹੈ ਤੇਰਾ, ਜਿਸ ਦੇ ਲਈ ਹਾਰ ਪਰੋਣਾ ਹੈ।

ਨਾ ਕਹਿਣਾ ਬੇਜੋੜਾਂ ਨੂੰ, 'ਇਹ ਸ਼ਾਦੀ-ਸ਼ੁਦਾ ਨੇ', ਨਾ ਕਹਿਣਾ,
ਕੀ ਹੋਇਆ ਜੇ ਫੇਰੇ ਲੈ ਲਏ, ਚਾਅ ਕੁਆਰੇ ਹੁੰਦੇ ਨੇ ।

ਨਹੀਂ ਹੈ ਕੋਝ 'ਤੇ ਸ਼ਿਕਵਾ ਕੋਈ, ਮੇਰੇ ਵਿਕਾਰਾਂ ਨੂੰ,
ਹੁਸਨ ਦੇ ਕੋਲ ਜਾ ਕੇ ਜੇ ਸੰਭਲ ਜਾਂਦੇ ਤਾਂ ਚੰਗਾ ਸੀ।

ਨਾ ਕਰ ਤਾਰੀਫ਼ ਰੁੱਖਾਂ ਦੀ, ਇਨ੍ਹਾਂ ਦੀ ਮਿਹਰਬਾਨੀ ਦੀ,
ਇਨ੍ਹਾਂ ਦਾ ਫਲ ਹੀ ਸੀ ਜਿਸ ਨੇ ਕਦੇ ਜੰਨਤ ਛੁਡਾਈ ਸੀ।

ਪੁਛਿਆ ਜਦੋਂ ਮੈਂ ਓਸ ਨੂੰ, "ਦੱਸ ਤਾਂ! ਇਹ ਜ਼ਿੰਦਗੀ ਕੀ" ?
ਤੀਲਾਂ ਦੀ ਡੱਬੀ ਉੱਤੇ ਤੀਲੀ ਘਸਾਈ ਉਸ ਨੇ।

ਪੀੜ ਦੀ ਪਰਵਾਜ਼ ਜਾਂਦੀ ਵਿੰਨ੍ਹਦੀ,
ਸੱਧਰਾਂ, ਜਦ ਵੀ ਨਿਸ਼ਾਨਾ ਬਣਦੀਆਂ।

ਪਿਆਸ ਮਿਟ ਜਾਣ ਦੀ ਕੀ ਆਸ ਲਗਾਉਣੀ ਪ੍ਰੀਤਮ!
ਹਰ ਸਮੁੰਦਰ ਹੀ ਰਿਹਾ ਹੈ ਜੇ ਪਿਆਸਾ ਏਥੇ।

ਪੂਰਨ - ਤਿਆਗ ਦਾ ਜੋ ਉਪਦੇਸ਼ ਦੇ ਰਹੇ ਨੇ,
ਪ੍ਰੀਤਮ!ਇਨ੍ਹਾਂ ਦਾ ਕੋਈ, ਸਾਜ਼-ਔ-ਸਾਮਾਨ ਦੇਖੇ।

ਪੂਰਬੀ ਹੋਵਣ ਜਾਂ ਹੋਵਣ ਪੱਛਮੀ,
ਆਦਤਨ, ਸਾਰੇ ਸਾਰੇ ਇਕ ਜਿਹੇ।

ਪਾਗਲ ਨਾ ਆਖ, ਪ੍ਰੀਤਮ! ਆਸ਼ਿਕ-ਮਿਜ਼ਾਜ ਨੂੰ,
ਉਸਦੀ ਨਜ਼ਰ 'ਚ ਬਹਿ ਕੇ, ਉਸਦਾ ਜਹਾਨ ਦੇਖ।

ਪੱਥਰਾਂ ਨੂੰ, ਬੂਟਿਆਂ ਨੂੰ, ਪਸ਼ੂਆਂ, ਪਰਿੰਦਿਆਂ ਨੂੰ
ਖ਼ਤਰਾ ਹੈ ਆਦਮੀ ਤੋਂ, ਪਹਿਲੇ ਬਾਸ਼ਿੰਦਿਆਂ ਨੂੰ।

ਫਲ ਗਵਾ ਕੇ ਵੀ ਇਹ ਜੀਣਾ ਜਾਣਦੀ,
ਪ੍ਰੀਤਮ! ਸੱਖਣੀ ਡਾਲ ਦੀ ਚਿੰਤਾ ਨਾ ਕਰ।

ਫੁੱਲ ਖਿੜਦਾ ਹੈ, ਸਿਰਫ਼ ਖਿੜਨ ਲਈ, ਬਾਗ਼ ਹੋਵੇ ਜਾਂ ਜੰਗਲ,
ਕੋਈ ਦੇਖੇ, ਜਾਂ ਕਿਉਂ ਦੇਖੇ? ਉਸ ਦੇ ਚਿੱਤ ਨਾ ਆਇਆ।

ਫ਼ੈਲਾਅ ਲਏ ਅਡੰਬਰ ਭਾਵੇਂ ਪੁਲਾੜ ਤਾਈਂ,
ਪਰ ਕੁਝ ਵੀ ਤਾਂ ਨਹੀਂ ਹੈ, ਸਾਮਾਨ ਜ਼ਿੰਦਗੀ ਦਾ।

ਬਾਗ 'ਚੋਂ ਪੁੱਟਿਆ ਗਿਆ ਹੈ, ਫਿਰ ਵੀ ਮਹਿਕਾਂ ਵੰਡਦਾ,
ਅੱਜ ਭਾਵੇਂ ਅੱਗ ਦੇ ਵਿਚ ਵੀ ਹੈ ਚੰਦਨ ਝੁਲਸਿਆ।

ਬੁਨਿਆਦ ਹੈ ਜੀਵਨ ਦੀ, ਬੁਨਿਆਦ ਤੂਫ਼ਾਨਾਂ ਦੀ,
ਕਿੰਨਾ ਹੈ ਫ਼ਰਕ ਲੇਕਿਨ, ਹਵਾ ਹਵਾ ਅੰਦਰ।

ਬਦਲਦੇ ਮੌਸਮ ਤੋਂ ਜੋ ਘਬਰਾਵੰਦੇ,
ਉੱਡਦੇ ਰਹਿੰਦੇ ਜਿਵੇਂ ਕੂੰਜਾਂ ਦੀ ਡਾਰ।

'ਬਾਨਰ' ਤੇ ਬਾਂਦਰ ਵਿਚ ਅੰਤਰ, ਪੂਰੀ ਕੌਮ ਨਾ ਸਮਝ ਸਕੀ,
ਬਹੁਮੱਤ ਦੀ ਝੂਠੀ ਕਹਿਣੀ ਵੀ, ਅਕਸਰ ਹੀ ਪ੍ਰਵਾਨ ਹੋ ਗਈ।

'ਭੁਖਾਂ ਦੀ ਭੱਠ' ਅੰਦਰ ਇਨਸਾਨੀਅਤ ਜਾਂ ਪਿਘਲੇ,
ਸ਼ਸਤਰ ਬਗ਼ਾਵਤਾਂ ਦੇ, ਤਕਦੀਰ ਨੂੰ ਪੁਆਵੇ।

ਭਗਵਾਂ-ਚੋਲਾ ਇਕ ਧਰਮੀ-ਸ਼ਖ਼ਸੀਅਤ ਦੇਵੇ,
ਵੱਖਰੀ ਹਸਤੀ ਹੈ, ਕੋਈ ਜਦ ਵਰਦੀ ਪਾਂਦਾ।

ਭਰਪੂਰ-ਜ਼ਿੰਦਗੀ ਦਾ ਡੇਰਾ ਹੈ ਜਿਸ ਜਗਹ 'ਤੇ,
ਕਾਮਲ-ਯਕੀਨ ਓਥੇ ਤਦਬੀਰ ਨੂੰ ਪੁਚਾਵੇ।

ਭਲੇਮਾਣਸ ਤੇ ਬੁਜ਼ਦਿਲ ਵਿਚ ਹੈ ਪਤਲੀ ਜਿਹੀ ਰੇਖ਼ਾ,
ਜੇ ਇਹ ਮਿਟ ਜਾਏ ਤਾਂ ਜੀਣ ਦਾ ਕੁਝ ਹਾਲ ਨਹੀਂ ਹੁੰਦਾ।

ਭੁੱਲਿਆ ਹੋਇਆ ਵੀ ਮੁੜ ਘਰ ਆ ਸਕੇ,
ਏਸ ਥਾਂ 'ਤੇ, ਹਰ ਕਿਸੇ ਲਈ ਸ਼ਾਮ ਹੈ।

ਮੁਸ਼ਕਿਲਾਂ ਵਿਚ ਦੋਸਤੀ ਦਾ ਭਰਮ ਸਾਬਤ ਨਾ ਰਿਹਾ,
ਛੱਲ ਆਈ 'ਤੇ ਜਿਵੇਂ ਰੇਤਾ ਦਾ ਘਰ ਢਹਿੰਦਾ ਰਿਹਾ।

ਮੋੜ ਨਾ ਸਕੀਆਂ ਕਦੀ ਸਦੀਆਂ ਪ੍ਰੀਤਮ! ਓਸ ਨੂੰ,
ਜਿਸ ਖ਼ੁਸ਼ੀ ਨੂੰ, ਅਣ-ਚਾਹੇ ਲਮਹਾਤ ਕਿਧਰੇ ਲੈ ਗਏ।

ਮਜ਼ਾ ਕੁਝ ਹੋਰ ਹੀ ਹੁੰਦੈ, ਜੇ ਥੁਹੜੀ ਪਿਆਸ ਰਹਿ ਜਾਵੇ,
ਦਿਲਕਸ਼ ਹੁੰਦੀਆਂ ਅਕਸਰ, 'ਪ੍ਰੀਤਮ' ਰੂਹਾਂ ਤਰਿਹਾਈਆਂ।

ਮਜਬੂਰੀ-ਏ-ਮਸਰੂਫ਼ੀਅਤ ਹੈ ਆਮ ਹੋ ਗਈ,
ਅਬ ਤੇਰੀ ਬੇਬਸੀ ਪੇ ਸ਼ਿਕਵਾ ਕਰੇਂ ਤੋ ਕਿਉਂ!

ਮੁਸ਼ਕਿਲ ਬੜਾ ਹੈ ਲਾਉਣਾ  ਅਨੁਮਾਨ ਜ਼ਿੰਦਗੀ ਦਾ,
ਪਲ ਵਿਚ ਹਾਲਾਤ ਬਦਲੇ, ਤੂਫ਼ਾਨ ਜ਼ਿੰਦਗੀ ਦਾ।

ਮੌਤ ਦੇ ਡਰ ਤੋਂ ਉਪਜੀ 'ਅੰਮ੍ਰਿਤਾ' ਦੀ ਇੱਛਾ,
ਇਸ  ਹਨੇਰੇ ਨੇ  ਵੀ  ਕੈਸਾ  ਰੰਗ  ਲਿਆਂਦਾ!

ਮਜ਼੍ਹਬ ਕੋ ਅਪਨੇ ਸਾਂਚੇ ਢਾਲ ਕੇ, ਸਬ ਨੇ ਹੀ ਬਦਲਾ ਹੈ,
ਅਬ ਇਸ ਬੇਚਾਰੇ ਕੀ, ਬਿਗੜੀ ਸੂਰਤ ਦੇਖਨਾ ਯਾਰੋ!

ਮਾਰੂਥਲ ਦੀ ਧੁੱਪ ਨਾ ਸਾੜੇ ਪਿਆਰ ਦੀ ਨੀਝ ਦੁਰੇਡੀ ਨੂੰ,
ਦੱਸ ਰਿਹਾ ਹੈ ਓਥੇ ਹੋਣਾ, ਮ੍ਰਿਗ-ਤ੍ਰਿਸ਼ਨਾ ਦਰਿਆਵਾਂ ਦਾ।

ਮੱਕਿਓਂ ਪਰੇ ਉਜਾੜ ਹੈ ਜੇਕਰ, ਤਾਂ ਫਿਰ ਮੈਂ ਓਧਰ ਜਾਣਾ,
ਆਦਮ ਦੀ ਫ਼ਿਤਰਤ ਵਿਚ, ਦੱਸ! ਕੀ ਕੰਮ ਭਲਾ ਰੇਖਾਵਾਂ ਦਾ।

'ਮੁਮਤਾਜ-ਮਹਿਲ' ਘੜ ਕੇ ਮਕਤਲ ਨੂੰ ਜਾ ਰਹੇ!
ਵੱਖਰੇ ਮਿਜ਼ਾਜ ਵਾਲਾ, 'ਸ਼ਾਹ-ਏ-ਜਹਾਨ' ਦੇਖ।

ਮਾਰੂਥਲ ਦਾ  ਸੁਹਲ-ਹਿਰਦਾ  ਜ਼ੱਰਾ ਜ਼ੱਰਾ ਹੋ ਗਿਆ,
ਫੇਰ ਬਿਨ ਬਰਸੇ ਹੀ ਉਸ 'ਤੋਂ ਲੰਘ ਕੇ ਬਰਖਾ ਗਈ।

ਮਿਰਗ-ਤ੍ਰਿਸ਼ਨਾ, ਮੰਦਰਾਂ ਤੇ ਮਸਜਿਦਾਂ ਵਿਚਕਾਰ ਹੈ,
ਦੇਖਣ ਨੂੰ ਲਗਦਾ ਤਾਂ ਹੈ, ਪਰ 'ਫ਼ਾਸਲਾ' ਹੁੰਦਾ ਨਹੀਂ।

ਮਾਣ ਨਾਲ  ਜਾ  ਬੈਠੋ  ਆਪਣੀ  ਮੰਜ਼ਿਲ  ਉੱਤੇ,
ਪਰ ਹਰਗਿਜ਼ ਨਾ ਭੁੱਲੋ  ਰਾਹ ਦੀ ਕਠਿਨਾਈ ਨੂੰ।

ਮਾੜੇ ਦੇ ਕੋਲੋਂ ਤਾਂ ਕੋਈ ਉਹਦਾ ਹੱਕ ਵੀ ਖੋਹ ਲਵੇ,
ਸੱਤੀਂ ਵੀਹੀਂ ਸੌ ਬਨਾਉਣਾ ਤਕੜਿਆਂ ਦੀ ਗੱਲ ਹੈ।

ਮੇਰੀ ਕਵਿਤਾ, ਐਸ਼ ਤੇ ਆਰਾਮ ਦੇ ਨਗ਼ਮੇਂ ਨਹੀਂ,
ਜ਼ਿੰਦਗੀ ਵਿਚ ਆਈਆਂ ਮੁਸ਼ਕਿਲਾਂ ਦੀ ਗੱਲ ਹੈ।

ਮੌਤ ਨਾ ਦਿੱਤੀ ਜਾਵੇ, ਤਕਰਾਰ ਨੂੰ,
ਸੱਭਿਅਤਾ, ਸ਼ਾਇਦ ਇਹਦਾ ਹੀ ਨਾਮ ਹੈ।

ਮੁੱਲ ਭਰਨਾ ਪਿਆ ਹੈ, ਹਰ ਇੱਕ ਅਵੱਲੀ-ਰੀਝ ਦਾ,
ਬੇਰਾਂ ਦਾ ਲਾਲਚ ਵੀ ਝੱਗਾ-ਰੇਸ਼ਮੀ ਪੜਵਾ ਗਿਆ।

'ਮੌਤ' ਪਤਾ ਨਹੀਂ ਚੰਗੀ ਹੈ ਜਾਂ ਮੰਦੀ ਹੈ,
ਪਰ ਇਸਦਾ ਡਰ ਜੀਕਣ ਨਸ਼ਤਰ ਹੁੰਦਾ ਹੈ।

ਮੈਂ ਆਪਣੀ ਮੰਜ਼ਿਲ ਦੇਖ ਆਇਆ, ਮੈਂ ਸੁਰਖ਼ਰੂ ਹਾਂ ਮੈਂ ਸੁਰਖ਼ਰੂ ਹਾਂ,
ਕਦੇ ਤਾਂ ਆਪਣੀ ਸੋਚ ਅੰਦਰ, ਇਸ ਤਰ੍ਹਾਂ ਦਾ ਕਮਾਲ ਰੱਖਣਾ।

ਮੁਕਤੀ ਕਿਵੇਂ ਦਿਵਾਉਂਦੇ, ਬੰਧਨ 'ਚ ਪਾਉਣ ਵਾਲੇ,
ਧਰਮਾਂ ਦੀ ਕੈਦ ਅੰਦਰ, ਕਈਆਂ ਨੇ ਉਮਰ ਗਾਲ਼ੀ।

ਮੇਰੇ ਗੁਨਾਹ ਦੀ ਸਜ਼ਾ ਮੌਤ ਤਾਂ ਪੱਥਰ ਮਾਰੋ!
ਪਰ ਪੱਥਰ ਉਹੀ ਮਾਰੇ ਜੋ ਗੁਨਾਹਗਾਰ ਨਹੀਂ।

ਮੈਂ ਤੇ ਬਸ ਇਨਸਾਨ ਹਾਂ ਮੇਰੇ ਲਈ,
ਮੰਦਰ ਮਸਜਿਦ ਗੁਰੂਦੁਆਰੇ ਇਕ ਜਿਹੇ।

ਮਜਬੂਰੀ-ਏ-ਮਸਰੂਫ਼ੀਅਤ ਹੈ ਆਮ ਹੋ ਗਈ,
ਅਬ ਤੇਰੀ ਬੇਬਸੀ ਪੇ ਸ਼ਿਕਵਾ ਕਰੇਂ ਤੋ ਕਿਉਂ!

ਮਹਫ਼ਿਲ ਵਿਚ ਬੈਠਾ ਵੀ ਦਿਲਗੀਰ ਰਿਹਾਂ, ਪ੍ਰੀਤਮ!
ਕੁਝ ਅਸਰ ਤਾਂ ਹੋਣਾ ਸੀ ਤੇਰੀ ਗੱਲ ਛੇੜੀ ਦਾ।

ਯਿਹ ਹੋ, ਕਿ ਆਮ ਲੋਗੋਂ ਕੋ ਮੈਂ ਖ਼ਤਰੇ ਕਾ ਬਤਾ ਪਾਊਂ,
ਅਪਨੀ ਕਲਮ ਸੇ ਢੋਲਕ ਬਜਾ ਕੇ ਦੇਖਨਾ ਚਾਹਾ।

ਯੇ ਸ਼ੋਖ਼ ਜਵਾਨੀ, ਯੇ ਦੌਲਤ, ਯੇ ਰੂਪ ਕੀ ਨਗਰੀ ਯੇ ਉਲਫ਼ਤ,
ਕਿਸ ਬਾਤ ਪੇ ਤੁਮ ਇਤਰਾਤੇ ਹੋ ਯਿਹ ਆਤੇ ਜਾਤੇ ਮੌਸਮ ਹੈਂ।

ਯਿਹ ਹੋ, ਕਿ ਆਮ ਲੋਗੋਂ ਕੋ ਮੈਂ ਖ਼ਤਰੇ ਕਾ ਬਤਾ ਪਾਊਂ,
ਅਪਨੀ ਕਲਮ ਸੇ ਢੋਲਕ ਬਜਾ ਕੇ ਦੇਖਨਾ ਚਾਹਾ।

ਰੁੱਖ ਨੂੰ ਸਿੱਟ ਕੇ, ਇਕੱਲਾ ਰੁੱਖ ਹੀ ਨਹੀਂ ਮਾਰਿਆ,
ਤੇਜ਼-ਝੱਖੜ, ਉਸਦੀ ਹਰ ਸੌਗਾਤ ਕਿਧਰੇ ਲੈ ਗਏ।

ਰੱਖਿਆ ਹੈ ਧਰਤੀਆਂ ਨੂੰ ਚੰਦਾਂ ਨੇ ਸ਼ਿਸ਼ਕੇਰ ਕੇ,
ਆਈ ਤੇ ਆ ਕੇ ਵੀ ਕੋਈ, ਕਦਮ ਪਾਸੇ ਨਾ ਧਰੇ।

ਰਣਭੂਮੀ ਦੇ ਅੰਦਰ ਉਸ ਦਿਨ, ਇੰਜ ਦੇਖਣ ਨੂੰ ਮਿਲਿਆ ਸੀ,
ਚੱਪੇ ਚੱਪੇ ਮੌਤ ਖੜੀ ਸੀ, ਚੱਪੇ ਚੱਪੇ ਜ਼ਿੰਦਗੀ।

ਰੁੱਤ ਆਵੇ ਤਾਂ ਫੁੱਲ ਖਿੜ ਜਾਵੇ,
ਇਸ ਤੋਂ ਵਧ ਕੇ ਸ਼ਬਾਬ ਕੀ ਹੋਵੇ?

ਰੋਗੀ ਦੇ ਲਈ ਵੈਦ ਵੀ ਜੇ ਰੋਗੀ ਹੋਵੇ, ਤਾਂ ਕੀ ਹੋਇਆ ?
ਨਦੀ ਨੂੰ ਸਾਗਰ ਨਾਲ ਮਿਲਾਵਣ ਲਈ, ਕਿਨਾਰੇ ਹੁੰਦੇ ਨੇ ।

ਰਾਹ ਦਿਖਾ ਸਕਦੀ ਹੈ ਲੇਕਿਨ ਰਾਹ ਬਣਾ ਸਕਦੀ ਨਹੀਂ,
ਕੀ ਕਰਾਂਗਾ ਰੌਸ਼ਨੀ ਨੂੰ! ਰਸਤਾ ਹੀ ਜੇ ਨਾ ਰਿਹਾ।

ਰਾਖ਼ ਹੀ ਅੰਜਾਮ ਹੈ ਹਰ ਚਿੰਣਗ ਦਾ,
ਰੌਣਕਾਂ ਮਿਟ ਕੇ, ਵੀਰਾਨਾ ਬਣਦੀਆਂ।

ਲੋਕਾਂ ਦੇ, ਹਜੂਮ 'ਚ ਆ ਕੇ ਜਿਗਰੇ ਵੱਡੇ ਹੋ ਜਾਂਦੇ,
ਟਟੀਹਰੀ, ਆਕਾਸ਼ ਨੂੰ ਥੱਮ੍ਹਣ ਕਾਬਿਲ ਹੋਈ ਫਿਰਦੀ ਸੀ।

ਲੋਰੀ ਵਰਗਾ ਕੋਈ ਗੀਤ-ਸੰਗੀਤ ਸੁਣਾਓ!
ਜੋ ਮਨ ਦੀ ਬੇਚੈਨੀ ਨੂੰ, ਠੰਡਕ ਪਹੁੰਚਾਵੇ।

ਵੱਖਰੇ ਵੱਖਰੇ ਹਾਲਾਤ, ਬਿਨ ਬੋਲੇ ਹੀ ਦੱਸਣ ਨੂੰ,
ਕਿਤੇ ਚੁੰਨੀ ਦਾ ਰੰਗ ਚਿੱਟਾ, ਕਿਤੇ ਗੋਟਾ ਕਿਨਾਰੀ ਹੈ।

(ਭਗਵਾਂ-ਚੋਲਾ ਇਕ ਧਰਮੀ-ਸ਼ਖ਼ਸੀਅਤ ਦੇਵੇ,
ਵੱਖਰੀ ਹਸਤੀ ਹੈ ਕੋਈ ਜਦ ਵਰਦੀ ਪਾਂਦਾ)

ਵਲਗਣਾ ਦੇ ਪਿੱਛੇ ਦੇਖਣ ਦੇ ਲਈ,
ਬੇ-ਸਬਰ ਅਰਮਾਨ ਪੱਬਾਂ-ਭਾਰ ਨੇ।